9.	39	Laying of BM & PC in various areas of New Model House & Jaina Nagar.	11.40	11.14	1.08%	11.02	Satish Aggarwal & Co.	3	1	99(28) dt. 25.6.2018

ਉਪਰੋਕਤ ਕੰਮਾਂ ਦੇ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਹਿੱਤ ਪੇਸ਼ ਹਨ। ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਸ਼ਾਖਾ ਨੇ ਵੱਖ ਵੱਖ ਮਿਤੀਆਂ ਰਾਹੀਂ ਇਨ੍ਹਾਂ ਟੈਂਡਰਾਂ ਸਬੰਧੀ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਪ੍ਰਵਾਨਗੀ ਲਈ ਸਿਫਾਰਸ਼ ਕੀਤੀ ਹੈ। ਮਾਨਯੋਗ ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸਾਂ ਰਾਹੀਂ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ ।

ਫੈਸਲਾ :
ਪ੍ਰਵਾਨ ਹੈ।
ਸਹੀ/-ਜਗਦੀਸ਼ ਰਾਜ ਰਾਜਾ, ਮੇਅਰ
26.9.2019

ਮਤਾ ਨੰਬਰ:-151

ਵਿਸ਼ਾ:- ਨਗਰ ਨਿਗਮ ਜਲੰਧਰ ਵਿੱਚ ਸਥਾਨਕ ਸਰਕਾਰ ਦੇ ਪ੍ਰਾਪਰਟੀ ਟੈਕਸ ਕੁਲੇਕਸ਼ਨ ਦੇ ਸੋਫਟਵੇਅਰ ਨੂੰ ਲਾਗੂ ਕਰਨ ਲਈ ਕੰਮਪਿਉਟਰ, ਪ੍ਰਿੰਟਰ ਅਤੇ ਕੰਮਪਿਉਟਰ ਟੈਬ ਆਦਿ ਦੀ ਖਰੀਦ ਕਰਨ ਸਬੰਧੀ। ਜ਼ੈਮ ਟੈਂਡਰ ਪ੍ਰਵਾਨਗੀ ਹਿੱਤ

ਪੜ੍ਹਿਆ ਨੋਟ ਸਿਸਟਮ ਮੈਂਨੇਜਰ ਕਿ ਉਪਰੋਕਤ ਵਿਸ਼ੇ ਸਬੰਧੀ ਨਗਰ ਨਿਗਮ ਜਲੰਧਰ ਵਿੱਚ ਸਥਾਨਕ ਸਰਕਾਰ ਦੇ ਪ੍ਰਾਪਰਟੀ ਟੈਕਸ ਕੁਲੇਕਸ਼ਲ ਦਾ ਸੋਫਟਵੇਅਰ 01.08.2019 ਨੂੰ ਲਾਗੂ ਹੋ ਗਿਆ ਹੈ।ਜਿਸ ਵਿੱਚ ਨਵੇ ਬਣੇ ਸੋਫਟਵੇਅਰ ਅਨੁਸਾਰ ਜੀ-8/ਮੈਨੁਅਲ ਰਾਹੀਂ ਰਿਕਵਰੀ ਨਹੀਂ ਹੋ ਸਕੇਗੀ ਅਤੇ ਪ੍ਰਾਪਰਟੀ ਟੈਕਸ ਦੀ ਫੀਲਡ ਵਿੱਚ ਰਿਕਵਰੀ ਕਰਨ ਅਤੇ ਆਨ-ਲਾਈਨ ਅਸੈਸਮੈਂਟ ਕਰਨ ਲਈ 1 ਨਵੇਂ ਕੰਪਿਉਟਰ ਸਮੇਤ ਪ੍ਰਿੰਟਰ, 1 ਆਫ-ਲਾਈਨ ਯੂ.ਪੀ.ਐਸ਼ 12 ਕੰਮਪਿਉਟਰ ਟੈਬ ਅਤੇ 12 Thermal Portable/hand Held Printer ਦੀ ਖਰੀਦ ਕਰਨ ਸਬੰਧੀ ਮਾਨਯੋਗ ਮੇਅਰ ਜੀ ਨੇ ਆਪਣੇ ਹੁੱਕਮ ਮਿਤੀ 21.08.2019 ਰਾਹੀਂ ਇਸ ਤਜਵੀਜ ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਨਜੂਰੀ ਦਿੱਤੀ ਹੈ।

ਉਪਰੋਕਤ ਦੀ ਖਰੀਦ ਕਰਨ ਲਈ ਭਾਰਤ ਸਰਕਾਰ ਦੇ ਜੈਮ ਪੋਰਟਲ ਤੋਂ ਇਸ ਦੀ ਈ-ਬਿਡ ਅਤੇ Add to Cart ਮੰਗੀ ਗਈ ਜ਼ੋ ਕਿ ਹੇਠ ਲਿਖੇ ਅਨੁਸਾਰ ਹੈ:-

GeM

FINANCIAL STATEMENT

S. No.	Items	Estimate (GST18% Inclusive)	Qty	Total Qualified Bids	L1	
					Agency Name	Amount
1	**Purchase of Desktop**	**44990**	1	Compare Three	**M/s Modern Computers, Amritsar**	44900
2	**Purchase of Multifunction Machines (MFP)**	**19000**	1	Add to Cart	**M/s J.D. International, Jalandhar**	19000
3	**Purchase of Line Interactive UPS**	**3000**	1	Add to cart	**M/s Er. Computers & Electronics, Amritsar**	3000
4	Tablate (Android 7.0 or above, 2 GB Ram, Minimum Quard Core, 1.3 Ghz or higher, Display 8 inches or higher, 16 GB Internal Capacity	**193200**	12	4 Bids	**M/s Er. Computers & Electronics, Amritsar**	193200
5	Epson TM-P20 (EPSON) Thermal Portable/hand Held Printer	**145920**	12	Compare Three	**M/s D.S.Data Spec Private Limited**	145872
GRAND TOTAL		**406110**				**405972**

ਉਕਤ ਸਮਾਨ ਦੀ ਤੁਲਾਤਮਕ ਸੂਚੀ ਤਿਆਰ ਕਰਨ ਉਪਰੰਤ **ਲੜੀ ਨੰ: 2, 3** ਨੂੰ Add to Cart (Direct Purchase) **ਲੜੀ ਨੰ: 1,5** ਨੂੰ Compare three **ਅਤੇ ਲੜੀ ਨੰ: 4** ਨੂੰ Bid ਰਾਹੀਂ ਸਪਲਾਇਰ/ਠੇਕੇਦਾਰ ਦਾ ਈ-ਬਿਡ ਘੱਟ ਪਾਇਆ ਗਿਆ ਹੈ। ਜ਼ੋ ਕਿ ਐਲ-1 ਚੁਨੀਆ ਗਿਆ ਹੈ।ਇਹ ਸਾਰੀ ਖਰੀਦ ਜੈਮ ਪੋਰਟਲ ਰਾਹੀਂ ਕੀਤੀ ਗਈ ਹੈ।

ਉਪਰੋਕਤ ਨੂੰ ਮੁੱਖ ਰੱਖਦੇ ਹੋਏ ਜੈਮ ਪੋਰਟਲ ਰਾਹੀਂ ਆਇਆ ਐਲ-1 ਕੰਪਨੀਆ ਨੂੰ ਪੋਰਟਲ ਰਾਹੀਂ ਸਪਲਾਈ ਆਡਰ ਦੇਣ ਦੀ ਮੰਜੂਰੀ ਲਈ ਇਸ ਨੂੰ ਨਗਰ ਨਿਗਮ ਦੀ ਵਿੱਤ ਅਤੇ ਠੇਕਾ ਕਮੇਟੀ ਵਿੱਚ ਪ੍ਰਵਾਨਗੀ ਹਿੱਤ ਭੇਜਣ ਦੀ ਸਿਫਾਰਸ਼ ਕੀਤੀ ਜਾਂਦੀ ਹੈ।ਸੰਯੁਕਤ ਕਮਿਸ਼ਨਰ(ਏ) ਨੇ ਮਿਤੀ:19.9.2019 ਰਾਹੀਂ ਇਹ ਤਜ਼ਵੀਜ਼ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਵਿੱਚ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਜਿਸ ਤੇ ਕਮਿਸ਼ਨਰ ਜੀ ਨੇ ਮਿਤੀ:19.9.2019 ਰਾਹੀਂ ਅਪਣੇ ਸਹਿਮਤੀ ਹਸਤਾਖਰ ਕੀਤੇ ਹਨ।ਮਾਨਯੋਗ ਮੇਅਰ ਜੀ ਨੇ ਆਪਣੇ ਹੁੱਕਮ ਮਿਤੀ 19.09.2019 ਰਾਹੀਂ ਇਸ ਤਖਮੀਨਾ ਨੂੰ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਨਜੂਰੀ ਦਿੱਤੀ ਹੈ।

ਤਖਮੀਨਾ ਵਿੱਤ ਅਤੇ ਠੇਕਾ ਕਮੇਟੀ ਵਿਚ ਅੰਤਿਮ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

ਫੈਸਲਾ :
ਪ੍ਰਵਾਨ ਹੈ।
ਸਹੀ/-ਜਗਦੀਸ਼ ਰਾਜ ਰਾਜਾ, ਮੇਅਰ
26.9.2019

ਮਤਾ ਨੰਬਰ:-152

ਵਿਸ਼ਾ:- ਸੋਲਿਡ ਵੇਸਟ ਮੈਨੇਜਮੈਂਟ ਲਈ 100 ਰਿਕਸ਼ਾ ਰੇਹੜਾ ਸਮੇਤ 8 ਪਲਾਸਟਿਕ ਬਿਨ ਖਰੀਦ ਕਰਨ ਬਾਰੇ।

ਪੜ੍ਹਿਆ ਨੋਟ ਵਰਕਸ਼ਾਪ ਸ਼ਾਖਾ ਜਿਸ ਤੇ ਕਾਰਜਕਾਰੀ ਇੰਜੀਨਿਅਰ (ਵਰਕਸ਼ਾਪ) ਨੇ ਮਿਤੀ 26.8.2019 ਰਾਹੀਂ ਸ਼ਿਫਾਰਸ਼ ਕੀਤੀ ਹੈ ਕਿ ਉਪਰੋਕਤ ਵਿਸ਼ੇ ਅਧੀਨ ਸ਼ਹਿਰ ਦੀ ਸਫਾਈ ਵਿਵਸਥਾ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸੋਲਿਡ ਵੇਸਟ ਮੈਨਜਮੇਂਟ ਲਈ 100 ਰਿਕਸ਼ਾ ਰੇਹੜਾ ਸਮੇਤ 8 ਪਲਾਸਟਿਕ ਬਿਨ ਦੀ ਖਰੀਦ ਕਰਨ ਲਈ ਤਮਖੀਨਾ ਰੁਪਏ 25.00 ਲੱਖ ਦਾ ਤਿਆਰ ਕੀਤਾ ਗਿਆ ਸੀ, ਜਿਸ ਦੀ ਪ੍ਰਵਾਨਗੀ ਨਗਰ ਨਿਗਮ ਨੇ ਅਪਣੇ ਮਤਾ ਨੰ: 62 ਮਿਤੀ 25.06.18 ਰਾਹੀਂ ਦਿੱਤੀ। ਇਸ ਮਤੇ ਦੀ ਪ੍ਰਵਾਨਗੀ ਸਥਾਨਕ ਸਰਕਾਰ ਨੇ ਅਪਣੇ ਪੱਤਰ ਨੰ: 50460 ਮਿਤੀ 29.08.2018 ਰਾਹੀਂ ਦੇ ਦਿੱਤੀ ਹੈ।

ਸੋਲਿਡ ਵੇਸਟ ਮੈਨੇਜ਼ਮੈਂਟ ਲਈ 100 ਰਿਕਸ਼ਾ ਰੇਹੜਾ ਸਮੇਤ 8 ਪਲਾਸਟਿਕ ਬਿਨ ਦੀ ਖਰੀਦ ਕਰਨ ਲਈ ਰੁਪਏ 25.00 ਲੱਖ ਦੇ ਤਖਮੀਨੇ ਦੇ ਟੈਂਡਰ ਸਪੈਸੀਫਿਕੇਸ਼ਨਾ ਅਨੁਸਾਰ ਪਹਿਲੀ ਬਾਰੀ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮਿਤੀ 25.02.19 ਲਈ ਮੰਗੇ ਗਏ, ਸਿਰਫ ਇਕ ਟੈਂਡਰ ਪ੍ਰਾਪਤ ਹੋਇਆ ਸੀ ਜ਼ੋ ਕਿ ਰੱਦ ਕਰ ਦਿੱਤਾ ਗਿਆ। ਦੂਸਰੀ ਬਾਰੀ ਇਸ ਕੰਮ ਦੇ ਟੈਂਡਰ ਮੁੜ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮਿਤੀ 13.05.19 ਲਈ ਚੌਣ ਕਮਿਸ਼ਨ ਦੀ ਮੰਜੂਰੀ ਨਾਲ ਮੰਗੇ ਗਏ, ਸਿਰਫ ਇਕ ਟੈਂਡਰ ਪ੍ਰਾਪਤ ਹੋਇਆ ਜ਼ੋ ਕਿ ਰੱਦ ਕਰ ਦਿੱਤਾ ਗਿਆ। ਤੀਸਰੀ ਬਾਰੀ ਇਸ ਕੰਮ ਦੇ ਟੈਂਡਰ ਮੁੜ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮਿਤੀ 24.05.19 ਲਈ ਮੰਗੇ ਗਏ, ਕੁੱਲ 3 ਟੈਂਡਰ ਪ੍ਰਾਪਤ ਹੋਏ, ਜਿਹਨਾ ਦੀਆਂ ਤਕਨੀਕੀ ਬਿਡਾਂ ਮਿਆਰ ਤੇ ਪੂਰੀਆਂ ਸਨ। ਇਸ ਲਈ ਮਿਤੀ 27.05.19 ਨੂੰ ਇਹਨਾ ਦੀਆਂ ਵਿੱਤੀ ਬਿਡਾਂ ਖੋਲੀਆਂ ਗਈਆਂ ਅਤੇ ਤੁਲਨਾਤਮਕ ਸੂਚੀ ਬਣਾਉਣ ਉਪਰੰਤ ਘੱਟ ਰੇਟ ਦਾ ਟੈਂਡਰ ਮੈਸ: GLISTEN Ludhiana ਦਾ ਵਸੂਲ ਪਾਇਆ ਗਿਆ। ਇਸ ਫਰਮ ਵਲੋਂ ਇਸ ਕੰਮ ਵਿੱਚ 14.40% ਸੇਵਿੰਗ ਦਿੱਤੀ ਗਈ, ਜਿਸ ਨੂੰ ਵਿੱਤ ਅਤੇ ਠੇਕਾ ਕਮੇਟੀ ਵਲੋਂ ਆਪਣੇ ਮਤਾ ਨੰਬਰ 85 ਮਿਤੀ 06.06.2019 ਰਾਹੀਂ ਪ੍ਰਵਾਨ ਕੀਤਾ ਗਿਆ।

ਉਪਰੋਕਤ ਕੰਮ ਵਾਸਤੇ ਫਰਮ ਨਾਲ ਇਕਰਾਰਨਾਮਾ ਕਰਨ ਉਪਰੰਤ ਵਰਕ ਆਰਡਰ ਨੰਬਰ 199/Suptd(W) ਮਿਤੀ 18.06.2019 ਜਾਰੀ ਕੀਤਾ ਗਿਆ। ਮਾਨਯੋਗ NGT ਵਲੋਂ ਮਿਲੀਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਕਮਿਸ਼ਨਰ ਸਾਹਿਬ ਜੀ ਦੇ ਹੁਕਮਾਂ ਅਨੁਸਾਰ ਤਖਮੀਨੇ ਵਿੱਚ ਲਏ ਗਏ ਰਿਕਸ਼ਾ ਰੇਹੜੇ ਜ਼ੋ ਕਿ ਓਪਨ ਟਾਇਪ ਸਨ ਅਤੇ ਜਿਸ ਦਾ ਸਾਇਜ ਡਰਾਇੰਗ ਅਨੁਸਾਰ 66"×36" ਹੈ, ਨੂੰ ਕਵਰਡ ਟਾਇਪ ਬਣਾਉਣ ਲਈ ਕਿਹਾ ਗਿਆ। ਮਾਨਯੋਗ ਕਮਿਸ਼ਨਰ ਜੀ ਦੇ ਹੁਕਮਾਂ ਅਨੁਸਾਰ ਠੇਕੇਦਾਰ ਨੂੰ 66"×36" ਦਾ ਇੱਕ ਕਵਰਡ ਰਿਕਸ਼ਾ ਰੇਹੜੇ ਦਾ ਸੈਂਪਲ ਤਿਆਰ ਕਰਨ ਲਈ ਕਿਹਾ ਗਿਆ। ਠੇਕੇਦਾਰ ਵਲੋਂ ਦਸਿਆ ਗਿਆ ਹੈ ਕਿ ਜੇਕਰ ਐਮ.ਐਸ ਸ਼ੀਟ ਦਾ ਉਕਤ ਸਾਇਜ ਦਾ ਰਿਕਸ਼ਾ ਰੇਹੜਾ ਕਵਰ ਟਾਇਪ ਦਾ ਬਣਾਇਆ ਜਾਂਦਾ ਹੈ ਤਾਂ ਉਸ ਦਾ ਭਾਰ ਬਹੁਤ ਜਿਆਦਾ ਵੱਧ ਜਾਵੇਗਾ, ਜਿਸ ਨਾਲ ਇਸ ਨੂੰ ਓਪਰੇਟ ਕਰਨਾ ਕਾਫੀ ਮੁਸ਼ਕਿਲ ਹੋਵੇਗਾ ਜੇਕਰ ਇਸ ਦਾ ਸਾਇਜ 54"×32" ਕੀਤਾ ਜਾਵੇ ਅਤੇ ਇਸ ਨੂੰ ਕਵਰ ਟਾਇਪ ਬਣਾਇਆ ਜਾਵੇ ਤਾਂ ਇਸ ਨੂੰ ਓਪਰੇਟ ਕਰਨ ਵਿੱਚ ਆਸਾਨੀ ਰਹੇਗੀ।

ਇਸ ਉਪਰੰਤ ਮਾਨਯੋਗ ਕਮਿਸ਼ਨਰ ਸਾਹਿਬ ਜੀ ਦੇ ਹੁਕਮਾਂ ਅਨੁਸਾਰ ਠੇਕੇਦਾਰ ਨੂੰ 54"×32" ਦੇ 4 ਰਿਕਸ਼ਾ ਰੇਹੜੇ ਦੇ ਸੈਂਪਲ ਤਿਆਰ ਕਰਨ ਲਈ ਕਿਹਾ ਗਿਆ। ਠੇਕੇਦਾਰ ਵਲੋਂ ਮਿਤੀ 09.08.2019 ਨੂੰ 4 ਰਿਕਸ਼ਾ ਰੇਹੜੇ ਦੇ ਸੈਂਪਲ ਤਿਆਰ ਕਰਕੇ ਨਗਰ ਨਿਗਮ ਜਲੰਧਰ ਦੇ ਦਫਤਰ ਵਿਖੇ ਭੇਜੇ ਗਏ, ਜਿਨ੍ਹਾਂ ਨੂੰ ਠੇਕੇਦਾਰ ਦੀ ਮੋਜੂਦਗੀ ਵਿੱਚ ਅਡੀਸ਼ਨਲ ਕਮਿਸ਼ਨਰ ਜੀ, ਕੁਝ ਕੌਂਸਲਰ ਸਾਹਿਬਾਨ, ਹੈਲਥ ਅਫਸਰ, ਸੈਨੇਟਰੀ ਇੰਸਪੈਕਟਰਾਂ ਅਤੇ ਸਫਾਈ ਵਰਕਰਾਂ ਵਲੋਂ ਚੈਕ ਕੀਤਾ ਗਿਆ। ਮੋਕੇ ਤੇ ਉਨ੍ਹਾਂ ਵਲੋਂ ਦਸਿਆ ਗਿਆ ਕਿ ਇਨ੍ਹਾਂ ਤਿਆਰ ਕੀਤੇ ਗਏ ਰਿਕਸ਼ਾ ਰੇਹੜਿਆਂ ਦਾ ਭਾਰ ਥੋੜਾ ਜਿਆਦਾ ਹੈ। ਇਸ ਉਪਰੰਤ ਫੈਸਲਾ ਲਿਆ ਗਿਆ ਕਿ Same Size ਵਿੱਚ ਰਿਕਸ਼ਾ ਰੇਹੜੇ ਤਿਆਰ ਕੀਤੇ ਜਾਣ ਜ਼ੋ ਕਿ ਕੇਵਲ ਉਪਰੋਂ ਅਤੇ ਬੈਕਸਾਇਡ ਤੋਂ ਕਵਰਡ ਹੋਣ ਅਤੇ ਬਾਕੀ ਤਿੰਨਾ ਸਾਇਡਾਂ ਤੋਂ ਓਪਨ ਹੋਣ ਜਿਸ ਨਾਲ ਇਸ ਦਾ ਭਾਰ ਵੀ ਘੱਟ ਜਾਵੇਗਾ ਪਰੰਤੂ ਇਹ ਤਿੰਨੇ ਸਾਇਡਾਂ ਓਪਨ ਛਡਣ ਨਾਲ ਕੇਵਲ 8-9 ਕਿਲੋ ਭਾਰ ਦਾ ਹੀ ਫਰਕ ਪੈਂਦਾ ਹੈ। ਇਸ ਉਪਰੰਤ ਮਾਨਯੋਗ ਕਮਿਸ਼ਨਰ ਸਾਹਿਬ, ਅਡੀਸ਼ਨਲ ਕਮਿਸ਼ਨਰ ਜੀ ਅਤੇ ਹੈਲਥ ਅਫਸਰ ਵਲੋਂ ਸਰਬਮੰਸਤੀ ਨਾਲ ਫੈਸਲਾ ਲੈਣ ਉਪਰੰਤ ਠੇਕੇਦਾਰ ਨੂੰ ਕਿਹਾ ਗਿਆ ਹੈ, ਉਹ Same Size ਵਿੱਚ ਰਿਕਸ਼ਾ ਰੇਹੜੇ ਤਿਆਰ ਕਰਨ ਜ਼ੋ ਕਿ ਚਾਰੋ ਪਾਸੇ ਅਤੇ ਉਪਰੋਂ ਕਵਰ ਹੋਣ।

ਇਸ ਉਪਰੰਤ ਠੇਕੇਦਾਰ ਵਲੋਂ ਤਖਮੀਨੇ ਵਿੱਚ ਲਏ ਰਿਕਸ਼ਾ ਰੇਹੜੇ ਅਤੇ ਹੁਕਮਾਂ ਅਨੁਸਾਰ ਨਵੇਂ ਡਜਾਇਨ ਦੇ ਤਿਆਰ ਕੀਤੇ ਜਾਣ ਵਾਲੇ ਰਿਕਸ਼ਾ ਰੇਹੜੇ ਦੇ ਰੇਟ ਵਿੱਚ ਆ ਰਹੇ ਫਰਕ ਦਾ Analysis ਦਿੱਤਾ ਗਿਆ, ਜਿਸ ਨੂੰ ਚੈਕ ਕੀਤਾ ਗਿਆ। ਨਵੇਂ ਡਿਜਾਇਨ ਦੇ ਰਿਕਸ਼ਾ ਰੇਹੜੇ ਨੂੰ ਕਵਰ ਕਰਨ ਕਾਰਨ ਇਸ ਦਾ ਭਾਰ ਵੱਧ ਜਾਣ ਕਰਕੇ ਪ੍ਰਤੀ ਰਿਕਸ਼ਾ ਰੇਹੜਾ ਰੁਪਏ 2903/- ਵੱਧ ਖਰਚਾ ਆਵੇਗਾ। Analysis ਵਿੱਚ ਕੀਤੇ ਗਏ ਚੇਜੇਂਸ ਤੋਂ ਇਲਾਵਾ ਬਾਕੀ ਸਪੈਸੀਫਿਕੇਸ਼ਨਾਂ ਪੁਰਾਣੇ ਤਖਮੀਨੇ ਵਾਲੀਆਂ ਹਨ। (ਉਪਰੋਕਤ ਫਰਮ ਵਲੋਂ ਟੈਂਡਰ ਵਿੱਚ ਕੋਡ ਕੀਤੇ ਗਏ ਰੇਟ 14.40% ਲੈਸ ਕਰਨ ਉਪਰੰਤ ਰੁਪਏ 2485/- ਪ੍ਰਤੀ ਰਿਕਸ਼ਾ ਰੇਹੜਾ ਵੱਧ ਖਰਚਾ ਹੋਵੇਗਾ।) ਫਰਮ ਵਲੋਂ ਦਿਤੇ ਗਏ Analysis ਅਤੇ ਡਰਾਇੰਗ ਦੀ ਕਾਪੀ ਦਿੱਤੀ ਹੈ।

ਉਪਰੋਕਤ ਅਨੁਸਾਰ ਨਵੇਂ ਡਿਜਾਇਨ ਦੇ ਰਿਕਸ਼ਾ ਰੇਹੜੇ ਤਿਆਰ ਕਰਨ ਅਤੇ ਇਨ੍ਹਾਂ ਰਿਕਸ਼ਾ ਰੇਹੜੇ ਤੇ ਵੱਧ ਆਉਣ ਵਾਲੇ ਖਰਚੇ ਦੀ ਅਦਾਇਗੀ ਤਖਮੀਨੇ ਵਿੱਚ ਬਚਦੀ ਸੇਵਿੰਗ ਵਿਚੋਂ ਕਰਨ ਲਈ ਇਹ ਤਜਵੀਜ ਨਗਰ ਨਿਗਮ ਦੀ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਨ ਹਿੱਤ ਪੇਸ਼ ਹੈ। ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਮਿਤੀ 26.8.19 ਸਹਿਮਤੀ ਹਸਤਾਖਰ ਕੀਤੇ ਹਨ। ਮਾਨਯੋਗ ਕਮਿਸ਼ਨਰ ਜੀ ਨੇ ਮਿਤੀ 26.8.2019 ਰਾਹੀਂ ਸ਼ਿਫਾਰਸ਼ ਕੀਤੀ ਹੈ ਕਿ ਰਿਵਾਈਜ ਡਿਜਾਇਨ ਅਤੇ ਵਾਧੂ ਖਰਚੇ ਦੀ ਮੰਜੂਰੀ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਦੇਣ ਲਈ ਲਿਖਿਆ ਹੈ।

ਮਾਨਯੋਗ ਮੇਅਰ ਜੀ ਦੇ ਹੁਕਮ ਮਿਤੀ 26.8.19 ਰਾਹੀਂ ਇਸ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ।

ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿਚ ਅੰਤਿਮ ਪ੍ਰਵਾਨਗੀ ਹਿਤ ਪੇਸ਼ ਹੈ ਜੀ।

ਫੈਸਲਾ :
ਪ੍ਰਵਾਨ ਹੈ।
ਸਹੀ/-ਜਗਦੀਸ਼ ਰਾਜ ਰਾਜਾ, ਮੇਅਰ
26.9.2019

ਮਤਾ ਨੰਬਰ:-153

ਵਿਸ਼ਾ:- ਓ.ਐਂਡ.ਐਮ ਸ਼ਾਖਾ ਦੇ ਟਿਊਬਵੈਲਾਂ ਨਾਲ ਸਬੰਧਤ ਟੈਂਡਰ ਪ੍ਰਵਾਨ ਕਰਨ ਸਬੰਧੀ।

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਮਿਤੀ 20.9.2019 ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦਸਿਆ ਜਾਂਦਾ ਹੈ ਕਿ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚ ਨਵੇਂ/ਰਿਪਲੇਸਮੇਂਟ ਦੇ ਲਗਾਏ ਜਾਣ ਵਾਲੇ ਟਿਊਬਵੈਲਾਂ ਦੇ ਤਖਮੀਨੇ ਓ.ਐਂਡ.ਐਮ ਸ਼ਾਖਾ ਵਲੋਂ ਤਿਆਰ ਕੀਤੇ ਗਏ ਸਨ, ਜਿਹਨਾਂ ਦੇ ਟੈਂਡਰ ਪ੍ਰਾਪਤ ਕੀਤੇ ਜਾ ਚੁੱਕੇ ਹਨ। ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

Sr. No.	W. No	Name of Work	Tender calling amount	Name of Agency	Saving %age	Tender Amt. (Rs. in Lac)	House Resolution	Tender called (No. of times)	No. of Tender Received
1	55	ਇਨਸਟਾਲੇਸ਼ਨ ਆਫ ਨਿਊ ਰਿਗ ਬੋਰ ਟਿਊਬਵੈਲ ਐਟ ਮੁੱਹਲਾ ਜਗਤਪੁਰਾ।	17,10,462/-	M/s Lion Engineer	4.50%	16,33,491/-	95(4) 25-06-18	1st	3
2	25	ਇਨਸਟਾਲੇਸ਼ਨ ਆਫ ਨਿਊ ਰਿਗ ਬੋਰ ਟਿਊਬਵੈਲ ਐਟ ਬਾਬਾ ਮਖਣ ਸ਼ਾਹ ਲੁਬਾਨਾ।	17,67,000/-	M/s Lion Engineer	4.50%	16,87,485/-	95(1) 25-06-18	1st	3
3	25	ਇਨਸਟਾਲੇਸ਼ਨ ਆਫ ਨਿਊ ਰਿਗ ਬੋਰ ਟਿਊਬਵੈਲ ਐਟ ਯੂਨੀਵਰਸਲ ਕਲੋਨੀ।	17,37,000/-	M/s Lion Engineer	4.50%	16,58,835/-	116(2) 23-07-18	1st	3
4	2	ਇਨਸਟਾਲੇਸ਼ਨ ਆਫ ਰਿਗ ਬੋਰ ਟਿਊਬਵੈਲ ਐਟ ਗੁਰੂ ਅਮਰਦਾਸ ਨਗਰ। (ਰਿਪਲੇਸਮੇਂਟ)	17,66,755/-	M/s Ajay Engg. Co.	4.50%	16,87,251/-	158(8) 18-10-18	1st	3
5	2	ਇਨਸਟਾਲੇਸ਼ਨ ਆਫ ਨਿਊ ਰਿਗ ਬੋਰ ਟਿਊਬਵੈਲ ਐਟ ਕਾਲੀਆ ਕਲੋਨੀ ਫੇਜ-2 ਵਾਰਡ ਨੰਬਰ 2	16,36,755/-	M/s Lion Engineer	4.50%	15,63,101/-	89(1) 25-06-18	1st	3
6	10	ਇਨਸਟਾਲੇਸ਼ਨ ਆਫ ਰਿਗ ਬੋਰ ਟਿਊਬਵੈਲ ਐਟ ਵਿਲੇਜ਼ ਧੰਨੋਵਾਲੀ। (ਰਿਪਲੇਸਮੇਂਟ)	17,16,755/-	M/s SKE Engineers	4.50%	16,39,501/-	95(3) 25-06-18	1st	3
7	11	ਇਨਸਟਾਲੇਸ਼ਨ ਆਫ ਰਿਗ ਬੋਰ ਟਿਊਬਵੈਲ ਐਟ ਪਰਾਗਪੁਰ। (ਰਿਪਲੇਸਮੇਂਟ)	17,36,755/-	M/s SKE Engineers	4.50%	16,58,601/-	158(3) 18-10-18	1st	3
8	15	ਇਨਸਟਾਲੇਸ਼ਨ ਆਫ ਨਿਊ ਰਿਗ ਬੋਰ ਟਿਊਬਵੈਲ ਐਟ ਰਣਜੀਤ ਨਗਰ।	16,51,762/-	M/s Lion Engineer	4.50%	15,77,432/-	89(5) 25-06-18	1st	3
9	71	ਇਨਸਟਾਲੇਸ਼ਨ ਆਫ ਰਿਗ ਬੋਰ ਟਿਊਬਵੈਲ ਐਟ ਮੋਤੀ ਨਗਰ। (ਰਿਪਲੇਸਮੇਂਟ)	16,16,750/-	M/s Ajay Engg. Co	4.50%	15,43,996/-	Anticipation approval 27-06-19	1st	3
10	20	ਇਨਸਟਾਲੇਸ਼ਨ ਆਫ ਨਿਊ ਰਿਗ ਬੋਰ ਟਿਊਬਵੈਲ ਐਟ ਗੌਰਮਿੰਟ ਸਕੂਲ ਆਬਾਦਪੁਰਾ।	17,36,755/-	M/s Lion Engineer	4.50%	16,58,601/-	Anticipation approval 29-10-18	1st	3
11	9	ਇਨਸਟਾਲੇਸ਼ਨ ਆਫ ਨਿਊ ਰਿਗ ਬੋਰ ਟਿਊਬਵੈਲ ਐਟ ਓਲਡ ਬੇਅੰਤ ਨਗਰ।	16,91,462/-	M/s SKE Engineers	4.50%	16,15,346/-	89(3) 25-06-18	1st	3
12	62	ਇਨਸਟਾਲੇਸ਼ਨ ਆਫ ਰਿਗ ਬੋਰ ਟਿਊਬਵੈਲ ਐਟ ਸੋਡਲ ਨਗਰ। (ਰਿਪਲੇਸਮੇਂਟ)	16,16,762/-	M/s Ajay Engg. Co	4.50%	15,44,007/-	94(15) 25-06-18	1st	6
13	63	ਇਨਸਟਾਲੇਸ਼ਨ ਆਫ ਰਿਗ ਬੋਰ ਟਿਊਬਵੈਲ ਐਟ ਸਈਪੁਰ ਨਿਊ ਪਾਰਕ। (ਰਿਪਲੇਸਮੇਂਟ)	16,16,762/-	M/s Ajay Engg. Co	4.50%	15,44,007/-	94(5) 25-06-18	1st	6
14	64	ਇਨਸਟਾਲੇਸ਼ਨ ਆਫ ਰਿਗ ਬੋਰ ਟਿਊਬਵੈਲ ਐਟ ਸ਼ਿਵ ਨਗਰ। (ਰਿਪਲੇਸਮੇਂਟ)	17,16,762/-	M/s Ajay Engg. Co	4.50%	16,39,507/-	158(6) 18-10-18	1st	6
15	9	ਇਨਸਟਾਲੇਸ਼ਨ ਆਫ ਨਿਊ ਰਿਗ ਬੋਰ ਟਿਊਬਵੈਲ ਐਟ ਗੁਲਮਰਗ ਐਵੀਨਿਊ।	17,41,462/-	M/s SKE Engineers	4.50%	16,63,096/-	88(2) 25-06-18	1st	3
16	10	ਇਨਸਟਾਲੇਸ਼ਨ ਆਫ ਰਿਗ ਬੋਰ ਟਿਊਬਵੈਲ ਐਟ ਦਕੋਹਾ-2 ਢਿਲਵਾਂ ਰੋਡ। (ਰਿਪਲੇਸਮੇਂਟ)	17,06,755/-	M/s SKE Engineers	4.50%	16,29,951/-	95(2) 25-06-18	1st	6

17	8	ਇਨਸਟਾਲੇਸ਼ਨ ਆਫ ਰਿਗ ਬੋਰ ਟਿਊਬਵੈਲ ਐਟ ਲੱਧੇਵਾਲੀ। (ਰਿਪਲੇਸਮੇਂਟ)	16,16,755/-	M/s SKE Engineers	4.50%	15,44,001/-	116(1) 23-07-18	1st	3
18	10	ਇਨਸਟਾਲੇਸ਼ਨ ਆਫ ਰਿਗ ਬੋਰ ਟਿਊਬਵੈਲ ਐਟ ਢਿਲਵਾਂ। (ਰਿਪਲੇਸਮੇਂਟ)	17,16,755/-	M/s SKE Engineers	4.50%	16,39,501/-	158(2) 18.10.18	1st	3
19	3	ਇਨਸਟਾਲੇਸ਼ਨ ਆਫ ਰਿਗ ਬੋਰ ਟਿਊਬਵੈਲ ਐਟ ਬੇਅੰਤ ਸਿੰਘ ਪਾਰਕ। (ਰਿਪਲੇਸਮੇਂਟ)	16,16,750/-	M/s Ajay Engg. Co	4.50%	15,43,996/-	94(2) 25-06-18	1st	3
20	71	ਇਨਸਟਾਲੇਸ਼ਨ ਆਫ ਰਿਗ ਬੋਰ ਟਿਊਬਵੈਲ ਐਟ ਗਰੇਟਰ ਕੈਲਾਸ਼। (ਰਿਪਲੇਸਮੇਂਟ)	16,16,462/-	M/s Ajay Engg. Co	4.50%	15,43,721/-	Anticipation approval 05-03-19	1st	3
21	6	ਇਨਸਟਾਲੇਸ਼ਨ ਆਫ ਰਿਗ ਬੋਰ ਟਿਊਬਵੈਲ ਐਟ ਲੰਮਾ ਪਿੰਡ ਮਾਤਾ ਸਲੋਨੀ ਮੰਦਿਰ। (ਰਿਪਲੇਸਮੇਂਟ)	15,66,462/-	M/s Lion Engineer	4.50%	14,95,971/-	94(9) 25-06-18	1st	3
22	80	ਇਨਸਟਾਲੇਸ਼ਨ ਆਫ ਰਿਗ ਬੋਰ ਟਿਊਬਵੈਲ ਐਟ ਅੰਨਦ ਨਗਰ। (ਰਿਪਲੇਸਮੇਂਟ)	15,96,762/-	M/s Ajay Engg. Co	4.50%	15,24,907/-	94(13) 25-06-18	1st	3
23	ਜ	ਇਨਸਟਾਲੇਸ਼ਨ ਆਫ ਨਿਊ ਰਿਗ ਬੋਰ ਟਿਊਬਵੈਲ ਐਟ ਜਮਸ਼ੇਰ ਡੈਅਰੀ ਕੰਪਲੈਕਸ ਨੀਅਰ ਚਾਰਾ ਮੰਡੀ।	18,25,462/-	M/s Lion Engineer	4.50%	17,43,316/-	63(3) 01.02.16	4th	3

ਇਸ ਲਈ ਉਪਰੋਕਤ ਕੰਮਾਂ ਦੇ ਟੈਂਡਰ ਪ੍ਰਵਾਨਗੀ ਹਿੱਤ ਵਿੱਤ ਅਤੇ ਠੇਕਾ ਕਮੇਟੀ ਦੇ ਸਨਮੁੱਖ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹਨ। ਨਿਗਰਾਨ ਇੰਜੀਨਿਅਰ (ਓ.ਐਂਡ ਐਮ.) ਨੇ ਮਿਤੀ 20.9.2019 ਰਾਹੀਂ ਟੈਂਡਰਾਂ ਨੂੰ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਪ੍ਰਵਾਨਗੀ ਲਈ ਸਿਫਾਰਸ਼ ਕੀਤੀ ਹੈ।।

ਮਾਨਯੋਗ ਮੇਅਰ ਜੀ ਦੇ ਆਦੇਸ ਮਿਤੀ 23.9.2019 ਰਾਹੀਂ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹਨ ਜੀ ।

ਫੈਸਲਾ :

ਪ੍ਰਵਾਨ ਹੈ । ਇਹ ਵੀ ਫੈਸਲਾ ਹੋਇਆ ਕਿ ਕੀਤੇ ਜਾਣ ਵਾਲੇ ਕੰਮਾਂ ਦੀ ਨਿਗਰਾਨੀ ਲਈ ਪੰਜ ਮੈਂਬਰੀ ਕਮੇਟੀ ਜਿਸ ਵਿੱਚ ਇੱਕ ਤਕਨੀਕੀ ਅਧਿਕਾਰੀ ਵੀ ਸ਼ਾਮਲ ਹੋਵੇਗਾ, ਦੇ ਗਠਨ ਕਰਨ ਦਾ ਅਧਿਕਾਰ ਮੇਅਰ ਜੀ ਨੂੰ ਦਿੱਤਾ ਜਾਂਦਾ ਹੈ ।

ਸਹੀ/-ਜਗਦੀਸ਼ ਰਾਜ ਰਾਜਾ, ਮੇਅਰ

26.9.2019

ਮਤਾ ਨੰਬਰ:-154

ਵਿਸ਼ਾ:- ਪ੍ਰੋਵਾਇਡਿੰਗ ਐਂਡ ਇੰਸਟਾਲਿੰਗ ਆਫ ਸਟਰੇਟ ਹੈਂਡ ਬੋਰ ਟਿਊਬਵੈਲ ਐਟ ਅਜੀਤ ਨਗਰ ਵਾਰਡ ਨੰ: 8 ਈ-ਟੈਂਡਰ ਪ੍ਰਵਾਨਗੀ ਹਿੱਤ।

ਤਖਮੀਨਾ ਰੁਪਏ 12,03,000/-
ਟੈਂਡਰ ਮੰਗੇ ਰੁਪਏ 11,36,599/-(ਬਿਜਲੀ ਦੇ ਕੁਨੈਕਸ਼ਨ ਲਈ ਰਾਖਵੇ ਰਖੇ ਰੁਪਏ 66,500/-)
ਕੁੱਲ ਪ੍ਰਾਪਤ ਟੈਂਡਰ = 3 (ਦੂਜੀ ਬਾਰ) ਟੈਂਡਰ ਅਮਾਉਂਟ ਰੁਪਏ 11,30,916/- ਸੇਵਿੰਗ 0.50%
ਅਜੰਸੀ ਦਾ ਨਾਮ M/s Subhash Sharma, Contractor
EPF No: LD JAL 35235 ESI No: 29000 63864 0000 999

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਮਿਤੀ 20.9.2019 ਕਿ ਉਪਰੋਕਤ ਵਿਸ਼ੇ ਤੇ ਟਿਊਬਵੈਲ ਲਗਵਾਉਣ ਲਈ ਤਖਮੀਨਾ ਰੁਪਏ 12,03,000/- ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਵਲੋਂ ਆਪਣੇ ਮਤਾ ਨੰਬਰ 79(4) ਮਿਤੀ 01-02-2016 ਰਾਹੀਂ ਦਿੱਤੀ ਸੀ। ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਟੂ ਸਟੇਜ ਸਿਸਟਮ ਅਧੀਨ ਸੁਸਾਇਟੀਆਂ/ ਠੇਕੇਦਾਰਾਂ ਕੋਲੋਂ ਮਿਤੀ 09/15.06.2017 ਲਈ ਮੰਗੇ ਗਏ। ਇਸ ਕੰਮ ਲਈ ਕੁੱਲ 3 ਟੈਂਡਰ ਪ੍ਰਾਪਤ ਹੋਏ, ਜਿਹਨਾਂ ਵਿਚੋਂ ਮੈਸ: ਘਨਈਆ ਕੌ.ਆਪ ਐਲ.ਸੀ ਸੁਸਾਇਟੀ ਬਾਘਾ ਪੁਰਾਣਾ ਦੀ ਤਕਨੀਕੀ ਬਿਡ ਮਿਆਰ ਤੇ ਪੂਰੀ ਨਾ ਹੋਣ ਕਾਰਨ ਤਕਨੀਕੀ ਬਿਡ ਇਵੈਲੁਏਸ਼ਨ ਕਮੇਟੀ ਨੇ ਇਸ ਨੂੰ ਰੱਦ ਕਰ ਦਿੱਤਾ ਅਤੇ ਬਾਕੀ ਦੀਆਂ 2 ਤਕਨੀਕੀ ਬਿਡਾਂ ਮਿਆਰ ਤੇ ਪੂਰੀਆਂ ਸਨ। ਇਸ ਲਈ ਇਨ੍ਹਾਂ ਬਾਕੀ 2 ਅੰਜਸੀਆਂ ਦੀਆਂ ਵਿੱਤੀ ਬਿਡਾਂ ਖੋਲੀਆਂ ਗਈਆਂ ਤੁਲਨਾਤਮਕ ਸੂਚੀ ਬਣਾਉਣ ਤੇ ਮੈਸ: ਭਾਗਵਤ ਇੰਜੀਨੀਅਰ ਐਂਡ ਕੰਟਰੈਕਟਰ ਜਲੰਧਰ ਦੇ ਟੈਂਡਰ ਰੇਟ ਘੱਟ ਪਾਏ ਗਏ ਪਰੰਤੂ ਸਰਕਾਰ ਵਲੋਂ ਸੀ.ਐਸ.ਆਰ ਦੇ ਚੈਪਟਰ 28 ਦੀ ਆਈਟਮ 28.75 ਦੇ ਰੇਟ ਰੁਪਏ 13,740/- ਪ੍ਰਤੀ ਮੀਟਰ ਤੋਂ ਘਟਾ ਕੇ ਰੁਪਏ 9131/- ਪ੍ਰਤੀ ਮੀਟਰ ਕਰ ਦਿੱਤੇ ਗਏ। ਇਸ ਲਈ ਇਸ ਕੰਮ ਦਾ ਤਖਮੀਨਾ ਕਾਫੀ ਘੱਟ ਜਾਣਾ ਹੈ। ਕਿਉਂ ਜ਼ੋ ਇਸ ਕੰਮ ਦੇ 2 ਟੈਂਡਰ ਪ੍ਰਾਪਤ ਹੋਏ ਸਨ, ਇਸ ਲਈ ਸੀ.ਐਸ.ਆਰੀ ਦੀ ਏ.ਸੀ ਸਲਿਪ ਨੰਬਰ 12 ਨੂੰ ਮੁੱਖ ਰੱਖਦੇ ਹੋਏ ਅਤੇ ਪਰੰਤੂ ਸਥਾਨਕ ਸਰਕਾਰ ਦੇ ਮਿਤੀ 02.08.2018 ਦੇ ਨੋਟੀਫਿਕੇਸ਼ਨ ਨੰਬਰ 1892 ਬਾਬਤ ਪਹਿਲੀ ਬਾਰ 3 ਟੈਂਡਰਾਂ ਤੋਂ ਘੱਟ ਟੈਂਡਰ ਪ੍ਰਾਪਤ ਹੋਣ ਤੇ ਟੈਂਡਰ ਰਿ-ਕਾਲ ਕਰਨ ਲਈ ਪ੍ਰਾਪਤ ਟੈਂਡਰ ਰੱਦ ਕਰ ਦਿੱਤੇ ਗਏ।

ਇਸ ਕੰਮ ਲਈ ਦੋਬਾਰਾ ਸੋਧਿਆ ਤਖਮੀਨਾ ਰੁਪਏ 12,03,099/- ਦਾ ਤਿਆਰ ਕੀਤਾ ਗਿਆ। ਇਸ ਤਖਮੀਨੇ ਵਿਚੋਂ ਤਕਰੀਬਨ 66,500/- ਬਿਜਲੀ ਦੇ ਕੁਨੈਕਸ਼ਨ ਲਈ ਰਾਖਵੇਂ ਰੱਖੇ ਗਏ ਹਨ। ਇਸ ਕੰਮ ਦੇ ਦੂਜੀ ਬਾਰ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਇਟੀਆਂ/ ਠੇਕੇਦਾਰਾਂ ਕੋਲੋਂ ਮਿਤੀ 03/09.09.2019 ਲਈ ਮੰਗੇ ਗਏ ਕੁੱਲ 3 ਟੈਂਡਰ ਪ੍ਰਾਪਤ ਹੋਏ, ਜਿਹਨਾਂ ਦੀਆਂ ਤਕਨੀਕੀ ਬਿਡਾਂ ਮਿਆਰ ਤੇ ਪੂਰੀਆਂ ਸਨ। ਇਸ ਉਪਰੰਤ ਇਹਨਾਂ ਅਜੰਸੀਆਂ ਦੀਆਂ ਵਿੱਤੀ ਬਿਡਾਂ ਖੋਲੀਆਂ ਗਈਆਂ ਅਤੇ ਤੁਲਨਾਤਮਕ ਸੂਚੀ ਬਣਾਉਣ ਤੇ M/s Subhash Sharma, Contractor ਦੇ ਟੈਂਡਰ ਰੇਟ ਘੱਟ ਪਾਏ ਗਏ। ਇਹ ਅਜੰਸੀ 0.50% ਦੀ ਸੇਵਿੰਗ ਨਾਲ ਇਹ ਕੰਮ ਤਖਮੀਨਾ ਰੁਪਏ 11,36,599/- ਦੇ ਵਿਰੁੱਧ ਰੁਪਏ 11,30,916/-ਵਿੱਚ ਕਰੇਗੀ। ਇਸ ਲਈ ਉਪਰੋਕਤ ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਨ ਅਤੇ ਪ੍ਰਵਾਨਗੀ ਹਿੱਤ ਰੱਖਣ ਦੀ ਸਿਫਾਰਸ਼ ਕੀਤੀ ਜਾਂਦੀ ਹੈ । ਨਿਗਰਾਨ ਇੰਜੀਨਿਅਰ (ਓ.ਐਂਡ ਐਮ.) ਨੇ ਮਿਤੀ 20.9.2019 ਰਾਹੀਂ ਟੈਂਡਰਾਂ ਨੂੰ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਪ੍ਰਵਾਨਗੀ ਲਈ ਸਿਫਾਰਸ਼ ਕੀਤੀ ਹੈ।।

ਮਾਨਯੋਗ ਮੇਅਰ ਜੀ ਦੇ ਆਦੇਸ ਮਿਤੀ 23.9.2019 ਰਾਹੀਂ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹਨ ਜੀ ।

ਫੈਸਲਾ :
ਪ੍ਰਵਾਨ ਹੈ।
ਸਹੀ/-ਜਗਦੀਸ਼ ਰਾਜ ਰਾਜਾ, ਮੇਅਰ
26.9.2019

ਮਤਾ ਨੰਬਰ:-155

ਵਿਸ਼ਾ:- ਪ੍ਰੋਵਾਇਡਿੰਗ ਐਂਡ ਇੰਸਟਾਲਿੰਗ ਡੀਪ ਹੈਂਡ ਬੋਰ ਟਿਊਬਵੈਲ ਐਟ ਉਪਕਾਰ ਨਗਰ ਟਾਹਲੀ ਵਾਲਾ (ਰਿਪਲੇਸਮੇਂਟ) ਵਾਰਡ ਨੰ: 6 ਈ-ਟੈਂਡਰ ਪ੍ਰਵਾਨਗੀ ਹਿੱਤ।

ਤਖਮੀਨਾ ਰੁਪਏ	10,81,599/-		
ਟੈਂਡਰ ਮੰਗੇ ਰੁਪਏ	10,31,599/-	(ਬਿਜਲੀ ਦੇ ਕੁਨੈਕਸ਼ਨ ਲਈ ਰਾਖਵੇ ਰਖੇ ਰੁਪਏ	50,000/-)
ਕੁੱਲ ਪ੍ਰਾਪਤ ਟੈਂਡਰ = 3 (ਦੂਜੀ ਬਾਰ)		ਟੈਂਡਰ ਅਮਾਉਂਟ ਰੁਪਏ 10,26,441/-	ਸੇਵਿੰਗ 0.50%
ਅਜੰਸੀ ਦਾ ਨਾਮ	M/s Subhash Sharma, Contractor		
EPF No:	LD JAL 35235	ESI No: 29000 63864 0000 999	

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਮਿਤੀ 20.9.2019 ਕਿ ਉਪਰੋਕਤ ਵਿਸ਼ੇ ਤੇ ਟਿਊਬਵੈਲ ਲਗਵਾਉਣ ਲਈ ਤਖਮੀਨਾ ਰੁਪਏ 10,81,599/- ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਵਲੋਂ ਆਪਣੇ ਮਤਾ ਨੰਬਰ 94(8) ਮਿਤੀ 25.06.2018 ਰਾਹੀਂ ਦਿੱਤੀ। ਇਸ ਤਖਮੀਨੇ ਵਿਚੋਂ ਬਿਜਲੀ ਦੇ ਕੁਨੈਕਸ਼ਨ ਲਈ ਰੁਪਏ 50,000/- ਰਾਖਵੇਂ ਰਖੇ ਗਏ ਹਨ।

ਇਸ ਕੰਮ ਦੇ ਈ-ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਟੂ ਸਟੇਜ ਸਿਸਟਮ ਅਧੀਨ ਠੇਕੇਦਾਰਾਂ ਕੋਲੋਂ ਮਿਤੀ 06-02-2019 ਲਈ ਮੰਗੇ ਗਏ ਤੇ ਕੋਈ ਵੀ ਟੈਂਡਰ ਪ੍ਰਾਪਤ ਨਹੀਂ ਹੋਇਆ। ਦੂਸਰੀ ਬਾਰੀ ਇਸ ਕੰਮ ਦੇ ਈ-ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਟੂ ਸਟੇਜ ਸਿਸਟਮ ਅਧੀਨ ਠੇਕੇਦਾਰਾਂ ਕੋਲੋਂ ਮਿਤੀ 09-09-2019 ਲਈ ਮੰਗੇ ਗਏ ਤੇ ਤਿੰਨ ਟੈਂਡਰ ਪ੍ਰਾਪਤ ਹੋਏ, ਜਿਹਨਾਂ ਦੀਆਂ ਤਕਨੀਕੀ ਬਿਡਾਂ ਮਿਆਰ ਤੇ ਪੂਰੀਆਂ ਸਨ। ਇਸ ਉਪਰੰਤ ਇਹਨਾਂ ਅਜੰਸੀਆਂ ਦੀਆਂ ਵਿੱਤੀ ਬਿਡਾਂ ਖੋਲੀਆਂ ਗਈਆਂ ਅਤੇ ਤੁਲਨਾਤਮਕ ਸੂਚੀ ਬਣਾਉਣ ਤੇ M/s Subhash Sharma, Contractor ਦੇ ਟੈਂਡਰ ਰੇਟ ਘੱਟ ਪਾਏ ਗਏ। ਇਹ ਅਜੰਸੀ 0.50% ਦੀ ਸੇਵਿੰਗ ਨਾਲ ਇਹ ਕੰਮ ਰੁਪਏ 10,31,599/- ਦੇ ਵਿਰੁੱਧ ਰੁਪਏ 10,26,441/- ਵਿੱਚ ਕਰੇਗੀ। ਇਸ ਲਈ ਉਪਰੋਕਤ ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਨ ਅਤੇ ਪ੍ਰਵਾਨਗੀ ਹਿੱਤ ਰੱਖਣ ਦੀ ਸਿਫਾਰਸ਼ ਕੀਤੀ ਜਾਂਦੀ ਹੈ । ਨਿਗਰਾਨ ਇੰਜੀਨਿਅਰ (ਓ.ਐਂਡ ਐਮ.) ਨੇ ਮਿਤੀ 20.9.2019 ਰਾਹੀਂ ਟੈਂਡਰਾਂ ਨੂੰ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਪ੍ਰਵਾਨਗੀ ਲਈ ਸਿਫਾਰਸ਼ ਕੀਤੀ ਹੈ।।

ਮਾਨਯੋਗ ਮੇਅਰ ਜੀ ਦੇ ਆਦੇਸ ਮਿਤੀ 23.9.2019 ਰਾਹੀਂ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹਨ ਜੀ ।

ਫੈਸਲਾ :
ਪ੍ਰਵਾਨ ਹੈ।
ਸਹੀ/-ਜਗਦੀਸ਼ ਰਾਜ ਰਾਜਾ, ਮੇਅਰ
26.9.2019

ਮਤਾ ਨੰਬਰ:-156

ਵਿਸ਼ਾ:- ਸੁਭਾਸ਼ ਨਗਰ ਵਿੱਚ 8" ਡਾਇਆ ਸੀਵਰ ਲਾਇਨ ਪਾਉਣ ਬਾਰੇ। (ਈ-ਟੈਂਡਰ ਪ੍ਰਵਾਨਗੀ ਹਿੱਤ)

ਤਖਮੀਨਾ ਰੁਪਏ: 1,80,564/-	ਕੁੱਲ ਪ੍ਰਾਪਤ ਵੈਲਿਡ ਟੈਂਡਰ = 2 (ਛੇਵੀਂ ਬਾਰੀ)
ਟੈਂਡਰ ਅਮਾਉਂਟ ਰੁਪਏ: 1,67,743/-	ਸੇਵਿੰਗ 7.10%
ਅਜੰਸੀ ਦਾ ਨਾਮ:- ਮੈ: ਦਿਨੇਸ਼ ਕੁਮਾਰ ਕੰਟਰੈਕਟਰ	ਈ.ਪੀ.ਐਫ ਨੰ: LD JAL 1182152

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਮਿਤੀ 20.9.2019 ਕਿ ਉਪਰੋਕਤ ਕੰਮ ਕਰਵਾਉਣ ਲਈ ਤਖਮੀਨਾ ਰੁਪਏ 1,80,564/- ਦੀ ਪ੍ਰਵਾਨਗੀ ਨਗਰ ਨਿਗਮ ਨੇ ਅਪਣੇ ਮਤਾ ਨੰ: 91(25) ਮਿਤੀ 25-06-18 ਰਾਹੀਂ ਦਿੱਤੀ ਸੀ। ਇਸ ਕੰਮ ਦੇ ਈ-ਟੈਂਡਰ ਟੂ ਸਟੇਜ਼ ਸਿਸਟਮ ਅਧੀਨ ਅਖਬਾਰਾਂ ਲਈ ਈ.ਪੀ.ਐਫ ਰਜਿਸਟਰਡ ਸੂਚੀਬੱਧ ਕੋ-ਆਪ ਐਲ.ਸੀ ਸੁਸਾਈਟੀਆਂ ਕੋਲੋ ਪਹਿਲੀ ਬਾਰੀ ਮਿਤੀ 24.01.19 ਰਾਹੀਂ ਮੰਗੇ ਗਏ ਪਰੰਤੂ ਕਿਸੇ ਸੁਸਾਈਟੀ ਨੇ ਟੈਂਡਰਾਂ ਵਿੱਚ ਹਿੱਸਾ ਨਹੀ ਲਿਆ। ਫਿਰ ਦੂਸਰੀ, ਤੀਸਰੀ, ਚੌਥੀ, ਪੰਜਵੀਂ ਬਾਰੀ ਵੱਖ-ਵੱਖ ਮਿਤੀਆ ਰਾਹੀਂ ਮੰਗੇ ਗਏ, ਪਰੰਤੂ ਕੋਈ ਟੈਂਡਰ ਪ੍ਰਾਪਤ ਨਹੀ ਹੋਇਆ। ਇਸ ਕੰਮ ਦੇ ਟੈਂਡਰ ਛੇਵੀ ਬਾਰੀ ਈ-ਟੈਂਡਰ ਪ੍ਰਨਾਲੀ ਰਾਹੀਂ ਠੇਕੇਦਾਰਾਂ ਕੋਲੋ ਮਿਤੀ 17.09.19 ਰਾਹੀਂ ਮੰਗੇ ਗਏ, ਕੁੱਲ 2 ਠੇਕੇਦਾਰਾਂ ਦੇ ਟੈਂਡਰ ਪ੍ਰਾਪਤ ਹੋਏ। ਇਹਨਾ ਠੇਕੇਦਾਰਾਂ ਦੀਆਂ ਤਕਨੀਕੀ ਬਿਡਾਂ ਪਖੋ ਮਿਆਰ ਤੇ ਪੂਰੀਆਂ ਸਨ। ਇਹਨਾਂ ਠੇਕੇਦਾਰਾਂ ਦੀਆਂ ਵਿੱਤੀ ਬਿਡਾਂ ਖੋਲਣ ਉਪਰੰਤ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ ਅਤੇ ਮੈਸਰਜ਼ ਦਿਨੇਸ਼ ਕੁਮਾਰ ਕੰਟਰੈਕਟਰ, ਠੇਕੇਦਾਰ ਦਾ ਰੇਟ ਘੱਟ ਪਾਇਆ ਗਿਆ। ਮੈਸਰਜ਼ ਦਿਨੇਸ਼ ਕੁਮਾਰ ਕੰਟਰੈਕਟਰ ਠੇਕੇਦਾਰ ਨੇ 7.10% ਸੇਵਿੰਗ ਦਿੱਤੀ ਹੈ, ਜਿਸ ਅਨੁਸਾਰ ਤਖਮੀਨਾ ਰੁਪਏ 1,80,564/- ਦਾ ਕੰਮ ਰੁਪਏ 1,67,743/- ਵਿੱਚ ਹੋਣਾ ਹੈ। ਇਹ ਟੈਂਡਰ ਰੇਟ ਘੱਟ ਅਤੇ ਵਾਜਿਬ ਹਨ।ਉਪਰੋਕਤ ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਰੱਖਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ ਜੀ। ਨਿਗਰਾਨ ਇੰਜੀਨਿਅਰ (ਓ.ਐਂਡ ਐਮ.) ਨੇ ਮਿਤੀ 20.9.2019 ਰਾਹੀਂ ਟੈਂਡਰਾਂ ਨੂੰ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਪ੍ਰਵਾਨਗੀ ਲਈ ਸਿਫਾਰਸ਼ ਕੀਤੀ ਹੈ।।

ਮਾਨਯੋਗ ਮੇਅਰ ਜੀ ਦੇ ਆਦੇਸ ਮਿਤੀ 23.9.2019 ਰਾਹੀਂ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹਨ ਜੀ ।

ਫੈਸਲਾ :
ਪ੍ਰਵਾਨ ਹੈ।
ਸਹੀ/-ਜਗਦੀਸ਼ ਰਾਜ ਰਾਜਾ, ਮੇਅਰ
26.9.2019

ਮਤਾ ਨੰਬਰ:-157

ਵਿਸ਼ਾ:- ਭਾਰਗੋ ਕੈਪ ਨਜਦੀਕ ਮਕਾਨ ਨੰ: 620, ਸੰਤ ਨਗਰ ਨੇੜੇ ਗੁਰੂਦੁਆਰਾ ਹੋਤੀ ਮਰਦਾਨ ਅਤੇ ਗਰੋਵਰ ਕਲੌਨੀ ਨੇੜੇ ਪ੍ਰੋਪਟੀ ਡੀਲਰ ਵਿਖੇ ਸੀਵਰ ਲਾਇਨ ਪਾਉਣ ਬਾਰੇ। (ਕੁੱਲ 3 ਫਾਇਲ) (ਈ-ਟੈਂਡਰ ਪ੍ਰਵਾਨਗੀ ਹਿੱਤ)

ਤਖਮੀਨਾ ਰੁਪਏ: 1,57,359/- ਕੁੱਲ ਪ੍ਰਾਪਤ ਵੈਲਿਡ ਟੈਂਡਰ = 1 (ਛੇਵੀਂ ਬਾਰੀ)
ਟੈਂਡਰ ਅਮਾਉਂਟ ਰੁਪਏ: 1,46,186/- ਸੇਵਿੰਗ 7.10%
ਅਜੰਸੀ ਦਾ ਨਾਮ:- ਮੈ: ਜਗਤਾਰ ਸਿੰਘ ਠੇਕੇਦਾਰ ਈ.ਪੀ.ਐਫ ਨੰ: LD JAL 1292793

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਮਿਤੀ 20.9.2019 ਕਿ ਉਪਰੋਕਤ ਕੰਮ ਕਰਵਾਉਣ ਲਈ ਤਖਮੀਨਾ ਰੁਪਏ 1,57,359/- ਦੀ ਪ੍ਰਵਾਨਗੀ ਨਗਰ ਨਿਗਮ ਨੇ ਅਪਣੇ ਮਤਾ ਨੰ: 95(11), 95(14) ਅਤੇ 96(1) ਮਿਤੀ 25-06-18 ਰਾਹੀਂ ਦਿੱਤੀ ਸੀ।

ਇਸ ਕੰਮ ਦੇ ਈ-ਟੈਂਡਰ ਟੂ ਸਟੇਜ਼ ਸਿਸਟਮ ਅਧੀਨ ਅਖਬਾਰਾਂ ਲਈ ਈ.ਪੀ.ਐਫ ਰਜਿਸਟਰਡ ਸੂਚੀਬੱਧ ਕੋ-ਆਪ ਐਲ.ਸੀ ਸੁਸਾਈਟੀਆਂ ਕੋਲੋ ਪਹਿਲੀ ਬਾਰੀ ਮਿਤੀ 24.01.19 ਰਾਹੀਂ ਮੰਗੇ ਗਏ ਪਰੰਤੂ ਕਿਸੇ ਸੁਸਾਈਟੀ ਨੇ ਟੈਂਡਰਾਂ ਵਿੱਚ ਹਿੱਸਾ ਨਹੀ ਲਿਆ। ਫਿਰ ਦੂਸਰੀ, ਤੀਸਰੀ, ਚੌਥੀ, ਪੰਜਵੀਂ ਬਾਰੀ ਵੱਖ-ਵੱਖ ਮਿਤੀਆ ਰਾਹੀਂ ਮੰਗੇ ਗਏ, ਪਰੰਤੂ ਕੋਈ ਟੈਂਡਰ ਪ੍ਰਾਪਤ ਨਹੀ ਹੋਇਆ। ਇਸ ਕੰਮ ਦੇ ਟੈਂਡਰ ਛੇਵੀ ਬਾਰੀ ਈ-ਟੈਂਡਰ ਪ੍ਰਨਾਲੀ ਰਾਹੀਂ ਠੇਕੇਦਾਰਾਂ ਕੋਲੋ ਮਿਤੀ 17.09.19 ਰਾਹੀਂ ਮੰਗੇ ਗਏ, ਕੁੱਲ 1 ਠੇਕੇਦਾਰ ਦਾ ਟੈਂਡਰ ਪ੍ਰਾਪਤ ਹੋਇਆ। ਇਸ ਠੇਕੇਦਾਰ ਦੀ ਤਕਨੀਕੀ ਬਿਡ ਪਖੋ ਮਿਆਰ ਤੇ ਪੂਰੀ ਸੀ। ਇਸ ਠੇਕੇਦਾਰ ਦੀ ਵਿੱਤੀ ਬਿਡ ਖੋਲਣ ਉਪਰੰਤ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ ਅਤੇ ਮੈਸਰਜ਼ ਜਗਤਾਰ ਸਿੰਘ, ਠੇਕੇਦਾਰ ਦਾ ਰੇਟ ਘੱਟ ਪਾਇਆ ਗਿਆ। ਮੈਸਰਜ਼ ਜਗਤਾਰ ਸਿੰਘ ਠੇਕੇਦਾਰ ਨੇ 7.10% ਸੇਵਿੰਗ ਦਿੱਤੀ ਹੈ, ਜਿਸ ਅਨੁਸਾਰ ਤਖਮੀਨਾ ਰੁਪਏ 1,57,359/- ਦਾ ਕੰਮ ਰੁਪਏ 1,46,186/- ਵਿੱਚ ਹੋਣਾ ਹੈ। ਇਹ ਟੈਂਡਰ ਰੇਟ ਘੱਟ ਅਤੇ ਵਾਜਿਬ ਹਨ।ਉਪਰੋਕਤ ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਰੱਖਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ ਜੀ। ਨਿਗਰਾਨ ਇੰਜੀਨਿਅਰ (ਓ.ਐਂਡ ਐਮ.) ਨੇ ਮਿਤੀ 20.9.2019 ਰਾਹੀਂ ਟੈਂਡਰਾਂ ਨੂੰ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਪ੍ਰਵਾਨਗੀ ਲਈ ਸਿਫਾਰਸ਼ ਕੀਤੀ ਹੈ।ਮਾਨਯੋਗ ਮੇਅਰ ਜੀ ਦੇ ਆਦੇਸ ਮਿਤੀ 23.9.2019 ਰਾਹੀਂ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹਨ ਜੀ । ਨਿਗਰਾਨ ਇੰਜੀਨਿਅਰ (ਓ.ਐਂਡ ਐਮ.) ਨੇ ਮਿਤੀ 20.9.2019 ਰਾਹੀਂ ਟੈਂਡਰਾਂ ਨੂੰ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਪ੍ਰਵਾਨਗੀ ਲਈ ਸਿਫਾਰਸ਼ ਕੀਤੀ ਹੈ।।

ਮਾਨਯੋਗ ਮੇਅਰ ਜੀ ਦੇ ਆਦੇਸ ਮਿਤੀ 23.9.2019 ਰਾਹੀਂ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹਨ ਜੀ ।

ਫੈਸਲਾ :
ਪ੍ਰਵਾਨ ਹੈ।
ਸਹੀ/-ਜਗਦੀਸ਼ ਰਾਜ ਰਾਜਾ, ਮੇਅਰ
26.9.2019

ਮਤਾ ਨੰਬਰ:-158

ਵਿਸ਼ਾ:- ਵਾਰਡ ਨੰ: 35 ਬੈਕ ਸਾਈਡ ਦਾਨਾ ਪਾਣੀ ਰੈਸਟੋਰੈਂਟ ਅਤੇ ਬੈਕ ਕਲੌਨੀ ਵਿਖੇ ਸੀਵਰ ਲਾਇਨ ਪਾਉਣ ਬਾਰੇ। (ਈ-ਟੈਂਡਰ ਪ੍ਰਵਾਨਗੀ ਹਿੱਤ)

ਤਖਮੀਨਾ ਰੁਪਏ: 4,08,113/- ਕੁੱਲ ਪ੍ਰਾਪਤ ਵੈਲਿਡ ਟੈਂਡਰ = 1 (ਛੇਵੀਂ ਬਾਰੀ)
ਟੈਂਡਰ ਅਮਾਉਂਟ ਰੁਪਏ: 3,79,136/- ਸੇਵਿੰਗ 7.10%
ਅਜੰਸੀ ਦਾ ਨਾਮ:- ਮੈ: ਜਗਤਾਰ ਸਿੰਘ ਠੇਕੇਦਾਰ ਈ.ਪੀ.ਐਫ ਨੰ: LD JAL 1292793

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਮਿਤੀ 20.9.2019 ਕਿ ਉਪਰੋਕਤ ਕੰਮ ਕਰਵਾਉਣ ਲਈ ਤਖਮੀਨਾ ਰੁਪਏ 4,08,113/- ਦੀ ਪ੍ਰਵਾਨਗੀ ਨਗਰ ਨਿਗਮ ਨੇ ਅਪਣੇ ਮਤਾ ਨੰ: 194(4) ਮਿਤੀ 18-10-18 ਰਾਹੀਂ ਦਿੱਤੀ ਸੀ।

ਇਸ ਕੰਮ ਦੇ ਈ-ਟੈਂਡਰ ਟੂ ਸਟੇਜ਼ ਸਿਸਟਮ ਅਧੀਨ ਅਖਬਾਰਾਂ ਲਈ ਈ.ਪੀ.ਐਫ ਰਜਿਸਟਰਡ ਸੂਚੀਬੱਧ ਕੋ-ਆਪ ਐਲ.ਸੀ ਸੁਸਾਈਟੀਆਂ ਕੋਲੋ ਪਹਿਲੀ ਬਾਰੀ ਮਿਤੀ 24.01.19 ਰਾਹੀਂ ਮੰਗੇ ਗਏ ਪਰੰਤੂ ਕਿਸੇ ਸੁਸਾਈਟੀ ਨੇ ਟੈਂਡਰਾਂ ਵਿੱਚ ਹਿੱਸਾ ਨਹੀ ਲਿਆ। ਫਿਰ ਦੂਸਰੀ, ਤੀਸਰੀ, ਚੌਥੀ, ਪੰਜਵੀਂ ਬਾਰੀ ਮਿਤੀ ਵੱਖ-ਵੱਖ ਮਿਤੀਆ ਰਾਹੀਂ ਮੰਗੇ ਗਏ, ਪਰੰਤੂ ਕੋਈ ਟੈਂਡਰ ਪ੍ਰਾਪਤ ਨਹੀ ਹੋਇਆ। ਇਸ ਕੰਮ ਦੇ ਟੈਂਡਰ ਛੇਵੀ ਬਾਰੀ ਟੈਂਡਰ ਈ-ਟੈਂਡਰ ਪ੍ਰਨਾਲੀ ਰਾਹੀਂ ਠੇਕੇਦਾਰਾਂ ਕੋਲੋ ਮਿਤੀ 17.09.19 ਰਾਹੀਂ ਮੰਗੇ ਗਏ, ਕੁੱਲ 1 ਠੇਕੇਦਾਰ ਦਾ ਟੈਂਡਰ ਪ੍ਰਾਪਤ ਹੋਇਆ। ਇਸ ਠੇਕੇਦਾਰ ਦੀ ਤਕਨੀਕੀ ਬਿਡ ਪਖੋ ਮਿਆਰ ਤੇ ਪੂਰੀ ਸੀ। ਇਸ ਠੇਕੇਦਾਰ ਦੀ ਵਿੱਤੀ ਬਿਡ ਖੋਲਣ ਉਪਰੰਤ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ ਅਤੇ ਮੈਸਰਜ਼ ਜਗਤਾਰ ਸਿੰਘ, ਠੇਕੇਦਾਰ ਦਾ ਰੇਟ ਘੱਟ ਪਾਇਆ ਗਿਆ। ਮੈਸਰਜ਼ ਜਗਤਾਰ ਸਿੰਘ ਠੇਕੇਦਾਰ ਨੇ 7.10% ਸੇਵਿੰਗ ਦਿੱਤੀ ਹੈ, ਜਿਸ ਅਨੁਸਾਰ ਤਖਮੀਨਾ ਰੁਪਏ 4,08,113/- ਦਾ ਕੰਮ ਰੁਪਏ 3,79,136/- ਵਿੱਚ ਹੋਣਾ ਹੈ। ਇਹ ਟੈਂਡਰ ਰੇਟ ਘੱਟ ਅਤੇ ਵਾਜਿਬ ਹਨ।ਉਪਰੋਕਤ ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਰੱਖਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ ਜੀ। ਨਿਗਰਾਨ ਇੰਜੀਨਿਅਰ (ਓ.ਐਂਡ ਐਮ.) ਨੇ ਮਿਤੀ 20.9.2019 ਰਾਹੀਂ ਟੈਂਡਰਾਂ ਨੂੰ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਪ੍ਰਵਾਨਗੀ ਲਈ ਸਿਫਾਰਸ਼ ਕੀਤੀ ਹੈ।।

ਮਾਨਯੋਗ ਮੇਅਰ ਜੀ ਦੇ ਆਦੇਸ ਮਿਤੀ 23.9.2019 ਰਾਹੀਂ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹਨ ਜੀ ।

ਫੈਸਲਾ :
ਪ੍ਰਵਾਨ ਹੈ।
ਸਹੀ/-ਜਗਦੀਸ਼ ਰਾਜ ਰਾਜਾ, ਮੇਅਰ
26.9.2019

ਮਤਾ ਨੰਬਰ:-159

ਵਿਸ਼ਾ:- ਰਿਪੇਅਰ ਆਫ ਸਟਾਰਮ ਸੀਵਰ ਲਾਇਨ ਨੀਅਰ ਰੇਲਵੇ ਲਾਇਨ ਅਰਬਨ ਅਸਟੇਟ ਫੇਸ-1 (ਈ-ਟੈਂਡਰ ਪ੍ਰਵਾਨਗੀ ਹਿੱਤ)

ਤਖਮੀਨਾ ਰੁਪਏ: 1,12,049/-	ਕੁੱਲ ਪ੍ਰਾਪਤ ਵੈਲਿਡ ਟੈਂਡਰ = 1 (ਚੌਥੀ ਬਾਰੀ)
ਟੈਂਡਰ ਅਮਾਉਂਟ ਰੁਪਏ: 1,10,928/-	ਸੇਵਿੰਗ 1%
ਅਜੰਸੀ ਦਾ ਨਾਮ:- ਮੈ: ਇੰਰਪਾਲ ਸਿੰਘ, ਠੇਕੇਦਾਰ	ਈ.ਪੀ.ਐਫ ਨੰ: LD JAL 1322578

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਮਿਤੀ 20.9.2019 ਕਿ ਉਪਰੋਕਤ ਕੰਮ ਕਰਵਾਉਣ ਲਈ ਤਖਮੀਨਾ ਰੁਪਏ 1,12,049/- ਦੀ ਪ੍ਰਵਾਨਗੀ ਇਨਐਂਟੀਸਿਪੇਸ਼ਨ ਅਪਰੂਵਲ ਆਫ ਹਾਉਸ ਨਗਰ ਨਿਗਮ ਦੇ ਮਾਨਯੋਗ ਮੇਅਰ ਜੀ ਨੇ ਅਪਣੇ ਹੁਕਮਾਂ ਅਨੁਸਾਰ ਮਿਤੀ 19.01.19 ਰਾਹੀਂ ਦਿੱਤੀ ਹੈ।

ਇਸ ਕੰਮ ਦੇ ਈ-ਟੈਂਡਰ ਟੂ ਸਟੇਜ਼ ਸਿਸਟਮ ਅਧੀਨ ਅਖਬਾਰਾਂ ਲਈ ਈ.ਪੀ.ਐਫ ਰਜਿਸਟਰਡ ਸੂਚੀਬੱਧ ਕੋ-ਆਪ ਐਲ.ਸੀ ਸੁਸਾਈਟੀਆਂ ਕੋਲੋ ਪਹਿਲੀ ਬਾਰੀ ਮਿਤੀ 28.03.19 ਰਾਹੀਂ ਮੰਗੇ ਗਏ ਪਰੰਤੂ ਕਿਸੇ ਸੁਸਾਈਟੀ ਨੇ ਟੈਂਡਰਾਂ ਵਿੱਚ ਹਿੱਸਾ ਨਹੀ ਲਿਆ। ਫਿਰ ਦੂਸਰੀ, ਤੀਸਰੀ ਬਾਰੀ ਵੱਖ-ਵੱਖ ਮਿਤੀਆ ਰਾਹੀਂ ਮੰਗੇ ਗਏ, ਪਰੰਤੂ ਕੋਈ ਟੈਂਡਰ ਪ੍ਰਾਪਤ ਨਹੀ ਹੋਇਆ। ਇਸ ਕੰਮ ਦੇ ਟੈਂਡਰ ਚੌਥੀ ਬਾਰੀ ਈ-ਟੈਂਡਰ ਪ੍ਰਨਾਲੀ ਰਾਹੀਂ ਠੇਕੇਦਾਰਾਂ ਕੋਲੋ ਮਿਤੀ 17.09.19 ਰਾਹੀਂ ਮੰਗੇ ਗਏ, ਕੁੱਲ 1 ਠੇਕੇਦਾਰ ਦਾ ਟੈਂਡਰ ਪ੍ਰਾਪਤ ਹੋਇਆ। ਇਸ ਠੇਕੇਦਾਰ ਦੀ ਤਕਨੀਕੀ ਬਿਡ ਪਖੋ ਮਿਆਰ ਤੇ ਪੂਰੀ ਸੀ। ਇਸ ਠੇਕੇਦਾਰ ਦੀ ਵਿੱਤੀ ਬਿਡ ਖੋਲਣ ਉਪਰੰਤ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ ਅਤੇ ਮੈਸਰਜ਼ ਇੰਰਪਾਲ ਸਿੰਘ, ਠੇਕੇਦਾਰ ਦਾ ਰੇਟ ਘੱਟ ਪਾਇਆ ਗਿਆ। ਮੈਸਰਜ਼ ਇੰਰਪਾਲ ਸਿੰਘ ਠੇਕੇਦਾਰ ਨੇ 1% ਸੇਵਿੰਗ ਦਿੱਤੀ ਹੈ, ਜਿਸ ਅਨੁਸਾਰ ਤਖਮੀਨਾ ਰੁਪਏ 1,12,049/- ਦਾ ਕੰਮ ਰੁਪਏ 1,10,928/- ਵਿੱਚ ਹੋਣਾ ਹੈ। ਇਹ ਟੈਂਡਰ ਰੇਟ ਘੱਟ ਅਤੇ ਵਾਜਿਬ ਹਨ।ਉਪਰੋਕਤ ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਰੱਖਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ ਜੀ। ਨਿਗਰਾਨ ਇੰਜੀਨਿਅਰ (ਓ.ਐਂਡ ਐਮ.) ਨੇ ਮਿਤੀ 20.9.2019 ਰਾਹੀਂ ਟੈਂਡਰਾਂ ਨੂੰ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਪ੍ਰਵਾਨਗੀ ਲਈ ਸਿਫਾਰਸ਼ ਕੀਤੀ ਹੈ।

ਮਾਨਯੋਗ ਮੇਅਰ ਜੀ ਦੇ ਆਦੇਸ ਮਿਤੀ 23.9.2019 ਰਾਹੀਂ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹਨ ਜੀ ।

ਫੈਸਲਾ :
ਪ੍ਰਵਾਨ ਹੈ।
ਸਹੀ/-ਜਗਦੀਸ਼ ਰਾਜ ਰਾਜਾ, ਮੇਅਰ
26.9.2019

ਮਤਾ ਨੰਬਰ:-160

ਵਿਸ਼ਾ:- ਟੋਬੜੀ ਮੁੱਹਲਾ ਵਿਖੇ 12'' ਸੀਵਰ ਲਾਇਨ ਪਾਉਣ ਬਾਰੇ। (ਈ-ਟੈਂਡਰ ਪ੍ਰਵਾਨਗੀ ਹਿੱਤ)

ਤਖਮੀਨਾ ਰੁਪਏ: 4,73,931/-	ਕੁੱਲ ਪ੍ਰਾਪਤ ਵੈਲਿਡ ਟੈਂਡਰ = 1 (ਪੰਜਵੀਂ ਬਾਰੀ)
ਟੈਂਡਰ ਅਮਾਉਂਟ ਰੁਪਏ: 4,40,281/-	ਸੇਵਿੰਗ 7.10%
ਅਜੰਸੀ ਦਾ ਨਾਮ:- ਮੈ: ਦਿਨੇਸ਼ ਕੁਮਾਰ ਕੰਟਰੈਕਟਰ	ਈ.ਪੀ.ਐਫ ਨੰ: LD JAL 1182152

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਮਿਤੀ 20.9.2019 ਕਿ ਉਪਰੋਕਤ ਕੰਮ ਕਰਵਾਉਣ ਲਈ ਤਖਮੀਨਾ ਰੁਪਏ 4,73,931/- ਦੀ ਪ੍ਰਵਾਨਗੀ ਨਗਰ ਨਿਗਮ ਨੇ ਅਪਣੇ ਮਤਾ ਨੰ: 91(23) ਮਿਤੀ 25-06-18 ਰਾਹੀਂ ਦਿੱਤੀ ਸੀ।

ਇਸ ਕੰਮ ਦੇ ਈ-ਟੈਂਡਰ ਟੂ ਸਟੇਜ਼ ਸਿਸਟਮ ਅਧੀਨ ਅਖਬਾਰਾਂ ਲਈ ਈ.ਪੀ.ਐਫ ਰਜਿਸਟਰਡ ਸੂਚੀਬੱਧ ਕੋ-ਆਪ ਐਲ.ਸੀ ਸੁਸਾਈਟੀਆਂ ਕੋਲੋ ਪਹਿਲੀ ਬਾਰੀ ਮਿਤੀ 29.03.19 ਰਾਹੀਂ ਮੰਗੇ ਗਏ ਪਰੰਤੂ ਕਿਸੇ ਸੁਸਾਈਟੀ ਨੇ ਟੈਂਡਰਾਂ ਵਿੱਚ ਹਿੱਸਾ ਨਹੀ ਲਿਆ। ਫਿਰ ਦੂਸਰੀ, ਤੀਸਰੀ ਅਤੇ ਚੌਥੀ ਬਾਰੀ ਵੱਖ-ਵੱਖ ਮਿਤੀਆ ਰਾਹੀਂ ਮੰਗੇ ਗਏ, ਪਰੰਤੂ ਕੋਈ ਟੈਂਡਰ ਪ੍ਰਾਪਤ ਨਹੀ ਹੋਇਆ। ਪੰਜਵੀਂ ਬਾਰੀ ਇਸ ਕੰਮ ਦੇ ਟੈਂਡਰ ਈ-ਟੈਂਡਰ ਪ੍ਰਨਾਲੀ ਰਾਹੀਂ ਠੇਕੇਦਾਰਾਂ ਕੋਲੋ ਮਿਤੀ 17.09.19 ਰਾਹੀਂ ਮੰਗੇ ਗਏ, ਕੁੱਲ 1 ਠੇਕੇਦਾਰ ਦਾ ਟੈਂਡਰ ਪ੍ਰਾਪਤ ਹੋਇਆ। ਇਸ ਠੇਕੇਦਾਰ ਦੀ ਤਕਨੀਕੀ ਬਿਡ ਪਖੋ ਮਿਆਰ ਤੇ ਪੂਰੀ ਸੀ। ਇਸ ਠੇਕੇਦਾਰ ਦੀ ਵਿੱਤੀ ਬਿਡ ਖੋਲਣ ਉਪਰੰਤ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ ਅਤੇ ਮੈਸਰਜ਼ ਦਿਨੇਸ਼ ਕੁਮਾਰ ਕੰਟਰੈਕਟਰ, ਠੇਕੇਦਾਰ ਦਾ ਰੇਟ ਘੱਟ ਪਾਇਆ ਗਿਆ। ਮੈਸਰਜ਼ ਦਿਨੇਸ਼ ਕੁਮਾਰ ਕੰਟਰੈਕਟਰ, ਠੇਕੇਦਾਰ ਨੇ 7.10% ਸੇਵਿੰਗ ਦਿੱਤੀ ਹੈ, ਜਿਸ ਅਨੁਸਾਰ ਤਖਮੀਨਾ ਰੁਪਏ 4,73,931/- ਦਾ ਕੰਮ ਰੁਪਏ 4,40,281/- ਵਿੱਚ ਹੋਣਾ ਹੈ। ਇਹ ਟੈਂਡਰ ਰੇਟ ਘੱਟ ਅਤੇ ਵਾਜਿਬ ਹਨ।ਉਪਰੋਕਤ ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਰੱਖਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ ਜੀ।ਨਿਗਰਾਨ ਇੰਜੀਨਿਅਰ (ਓ.ਐਂਡ ਐਮ.) ਨੇ ਮਿਤੀ 20.9.2019 ਰਾਹੀਂ ਟੈਂਡਰਾਂ ਨੂੰ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਪ੍ਰਵਾਨਗੀ ਲਈ ਸਿਫਾਰਸ਼ ਕੀਤੀ ਹੈ।।

ਮਾਨਯੋਗ ਮੇਅਰ ਜੀ ਦੇ ਆਦੇਸ ਮਿਤੀ 23.9.2019 ਰਾਹੀਂ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹਨ ਜੀ ।

ਫੈਸਲਾ :
ਪ੍ਰਵਾਨ ਹੈ।
ਸਹੀ/-ਜਗਦੀਸ਼ ਰਾਜ ਰਾਜਾ, ਮੇਅਰ
26.9.2019

ਮਤਾ ਨੰਬਰ:-161

ਵਿਸ਼ਾ:- ਨਗਰ ਨਿਗਮ ਦੇ 80 ਵਾਰਡਾਂ ਵਿੱਚ ਸੀਵਰੇਜ਼ ਲਾਇਨਾਂ ਦੀ ਡੀ-ਸਿਲਟਿੰਗ ਵਾਸਤੇ 160 ਸੀਵਰਮੈਨ ਸਟਾਫ ਸਰਵਿਸ ਪ੍ਰੋਵਾਇਡਰ (ਆਉਟ ਸੋਰਸ) ਰਾਹੀਂ 3 ਮਹੀਨੇ ਲਈ ਰੱਖਣ ਸਬੰਧੀ। (ਈ-ਟੈਂਡਰ ਪ੍ਰਵਾਨਗੀ ਹਿੱਤ)

ਤਖਮੀਨਾ	ਰੁਪਏ 57,29,280/-	ਸੋਧਿਆ ਤਖਮੀਨਾ ਰੁਪਏ 56,96,000/- (80 ਦਿਨ ਵਾਸਤੇ)
ਟੈਂਡਰ ਮੰਗੇ	ਰੁਪਏ 57,29,280/-	ਸੇਵਿੰਗ 0.01%
ਟੈਂਡਰ ਅਮਾਉਂਟ	ਰੁਪਏ 57,28,707/-	ਕੁੱਲ ਪ੍ਰਾਪਤ ਟੈਂਡਰ -3 (ਪਹਿਲੀ ਬਾਰੀ)
ਅਜੰਸੀ ਦਾ ਨਾਮ:-	ਮੈਸਰਜ਼ ਰਮਨ ਦੱਤਾ ਠੇਕੇਦਾਰ	(ਈ.ਪੀ.ਐਫ ਨੰ: 1815345000)

ESI No. 2900063790000999

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਮਿਤੀ 20.9.2019 ਕਿ ਨਗਰ ਨਿਗਮ ਵਿੱਚ 60 ਵਾਰਡਾਂ ਤੋ ਵੱਧ ਕੇ 80 ਵਾਰਡ ਹੋ ਗਏ ਹਨ, ਜਿਸ ਕਾਰਨ ਇਹਨਾ 80 ਵਾਰਡਾਂ ਵਿੱਚ ਸੀਵਰੇਜ਼ ਲਾਇਨਾਂ ਦੀ ਸਫਾਈ ਦਾ ਕੰਮ ਕਰਵਾਉਣ ਵਿੱਚ ਕਾਫੀ ਮੁਸ਼ਕਿਲ ਪੇਸ਼ ਆ ਰਹੀ ਹੈ ਅਤੇ ਆਏ ਦਿਨੀ ਪਬਲਿਕ ਵੱਲੋਂ ਅਤੇ ਕੋਂਸਲਰ ਸਾਹਿਬ ਵੱਲੋਂ ਸੀਵਰੇਜ਼ ਦੀ ਸਮਸਿਆ ਸਬੰਧੀ ਸ਼ਿਕਾਇਤਾਂ ਪ੍ਰਾਪਤ ਹੁੰਦੀਆਂ ਹਨ। ਇਸ ਲਈ ਸ਼ਹਿਰ ਵਿੱਚ ਸੀਵਰ ਸਿਸਟਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸ਼ਹਿਰ ਵਿੱਚ ਸੀਵਰ ਲਾਇਨਾਂ ਦੀ ਡੀ-ਸਿਲਟਿੰਗ ਵਾਸਤੇ 160 ਸੀਵਰਮੈਨ ਸਟਾਫ ਸਰਵਿਸ ਪ੍ਰੋਵਾਇਡਰ (ਆਉਟ ਸੋਰਸ) ਰਾਹੀਂ 80 ਦਿਨ ਲਈ ਰੱਖਣ ਲਈ ਤਖਮੀਨਾ ਰੁਪਏ 57,29,280/- ਤਿਆਰ ਕੀਤਾ ਗਿਆ। ਮੁੱਖ ਸਕੱਤਰ ਪੰਜਾਬ ਸਰਕਾਰ/ਸਥਾਨਕ ਸਰਕਾਰ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਅਤੇ ਪੰਜਾਬ ਸਰਕਾਰ ਦੇ ਲੇਬਰ ਵਿਭਾਗ ਵੱਲੋਂ ਜਾਰੀ ਪੱਤਰ ਨੰ: ਸਟ/28009 ਮਿਤੀ 23-10-18 ਰਾਹੀਂ ਪੰਜਾਬ ਵਿੱਚ ਜ਼ੋ ਘੱਟੋ-ਘੱਟ (ਪ੍ਰਵੀਜ਼ਨਲ) ਉਜ਼ਰਤਾਂ ਮਿਤੀ 01-09-18 ਤੋ ਫਿਕਸ ਕੀਤੀਆਂ ਗਈਆਂ ਹਨ, ਅਨੁਸਾਰ ਤਖਮੀਨਾ ਰੁਪਏ 57,29,280/- ਦਾ ਤਿਆਰ ਕੀਤਾ ਗਿਆ ਸੀ। ਇਸ ਤਖਮੀਨੇ ਦੀ ਨਗਰ ਨਿਗਮ ਹਾਊਸ ਦੇ ਮਤਾ ਨੰ: 138 ਮਿਤੀ 18.10.18 ਰਾਹੀਂ ਪ੍ਰਵਾਨਗੀ ਦੇ ਦਿੱਤੀ ਗਈ ਸੀ।

ਵਿੱਤ ਵਿਭਾਗ ਪੰਜਾਬ ਦੇ ਪੱਤਰ ਨੰ: 7/74/2018-1FP1/1539232/2-3 ਮਿਤੀ 01.08.19 ਰਾਹੀਂ ਠੇਕੇਦਾਰਾਂ ਦੇ ਸਰਵਿਸ ਚਾਰਜਿਜ਼ ਨੂੰ ਰਿਵਾਈਜ਼ ਕਰਦੇ ਹੋਏ 10% ਤੋ 2.5% ਕਰ ਦਿੱਤਾ ਗਿਆ ਹੈ ਅਤੇ ਪੁਰਾਣੇ ਤਖਮੀਨੇ ਵਿੱਚ ਜੀ.ਐਸ.ਟੀ ਦਾ ਉਪਬੰਧ ਵੀ ਨਹੀ ਕੀਤਾ ਗਿਆ ਸੀ। ਵਿੱਤ ਵਿਭਾਗ ਦੇ ਪੱਤਰ ਨੂੰ ਮੁੱਖ ਰੱਖਦੇ ਹੋਏ ਇਸ ਕੰਮ ਦਾ ਸੋਧਿਆ ਤਖਮੀਨਾ ਰੁਪਏ 56,96,000/- (80 ਦਿਨਾ) ਦਾ ਤਿਆਰ ਕੀਤਾ ਗਿਆ ਹੈ। ਫਿਰ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰ ਰਾਹੀਂ ਠੇਕੇਦਾਰ ਕੋਲੋ ਮਿਤੀ 13.09.19 ਨੂੰ ਮੰਗੇ ਗਏ, ਕੁੱਲ 3 ਟੈਂਡਰ ਪ੍ਰਾਪਤ ਹੋਏ, ਜਿਹਨਾ ਦੀਆਂ ਤਕਨੀਕੀ ਬਿਡਾਂ ਟੈਕਨੀਕਲ ਬਿਡ ਇਵੈਲੂਏਸ਼ਨ ਟੀਮ ਨੇ ਚੈਕ ਕੀਤੀਆਂ, ਸਾਰੀਆਂ ਬਿਡਾਂ ਤਕਨੀਕੀ ਪੱਖੋ ਮਿਆਰ ਤੇ ਪੂਰੀਆਂ ਸਨ। ਇਸ ਲਈ ਸਾਰੀਆਂ ਵਿੱਤੀ ਬਿਡ ਖੋਲੀਆਂ ਗਈਆਂ ਅਤੇ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ। ਤੁਲਨਾਤਮਕ ਸੂਚੀ ਅਨੁਸਾਰ ਮੈਸਰਜ਼ ਰਮਨ ਦੱਤਾ ਠੇਕੇਦਾਰ ਜਲੰਧਰ ਦੇ ਰੇਟ ਸਭ ਤੋ ਘੱਟ ਪ੍ਰਾਪਤ ਹੋਏ। ਇਸ ਅਜੰਸੀ ਨੇ ਵਿਸ਼ੇ ਅਧੀਨ ਟੈਂਡਰ ਦੀ ਵਿੱਤੀ ਬਿਡ ਵਿੱਚ ਦੇਣਯੋਗ ਪ੍ਰੋਫਿਟ 2.50% ਤੋ 0.01% ਛੂਟ ਦਿੱਤੀ ਹੈ, ਯਾਨੀਕਿ ਇਹ ਅਜੰਸੀ ਕੰਟਰੈਕਟਰ ਪ੍ਰੋਫਿਟ 2.49% ਲਵੇਗੀ, ਜਿਸ ਅਨੁਸਾਰ ਟੈਂਡਰ ਦਾ ਖਰਚਾ ਤਖਮੀਨਾ ਰੁਪਏ 57,29,280/- ਦੇ ਵਿਰੁੱਧ ਰੁਪਏ 57,28,707/- ਬਣਦਾ ਹੈ।

ਇਹ ਅਜੰਸੀ ਕਰਮਚਾਰੀਆਂ ਨੂੰ ਪੰਜਾਬ ਸਰਕਾਰ ਦੇ ਕਿਰਤ ਵਿਭਾਗ ਵੱਲੋਂ ਸਮੇ-ਸਮੇ ਸਿਰ ਨਿਰਧਾਰਿਤ ਮਿਨੀਮਮ ਵੇਜਿਜ਼ ਅਨੁਸਾਰ ਪੂਰੀ ਅਦਾਇਗੀ ਸਰਕਾਰੀ ਹਦਾਇਤ ਅਨੁਸਾਰ ਕਰਮਚਾਰੀਆਂ ਦੇ ਬੈਂਕ ਖਾਤੇ ਵਿੱਚ ਕਰੇਗੀ ਅਤੇ ਨਿਰਧਾਰਿਤ ਈ.ਪੀ.ਐਫ ਅਤੇ ਈ.ਐਸ.ਆਈ ਵੀ ਜਮਾ ਕਰਵਾਏਗੀ। ਇਹ ਤਖਮੀਨਾ ਮਿਨੀਮਮ ਵੇਜਿਜ, ਈ.ਪੀ.ਐਫ ਅਤੇ ਈ.ਐਸ.ਆਈ ਤੇ ਅਧਾਰਿਤ ਹੈ। ਇਸ ਲਈ ਮੈਸਰਜ਼ ਰਮਨ ਦੱਤਾ ਦਾ ਘੱਟ ਰੇਟਾ ਦਾ ਟੈਂਡਰ ਪ੍ਰਵਾਨ ਕਰਨ ਦੀ ਸਿਫਾਰਿਸ਼ ਕੀਤੀ ਜਾਂਦੀ ਹੈ। ਨਿਗਰਾਨ ਇੰਜੀਨਿਅਰ (ਓ.ਐਂਡ ਐਮ.) ਨੇ ਮਿਤੀ 20.9.2019 ਰਾਹੀਂ ਟੈਂਡਰ ਨੂੰ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਪ੍ਰਵਾਨਗੀ ਲਈ ਸਿਫਾਰਸ਼ ਕੀਤੀ ਹੈ।।

ਮਾਨਯੋਗ ਮੇਅਰ ਜੀ ਦੇ ਆਦੇਸ ਮਿਤੀ 23.9.2019 ਰਾਹੀਂ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹਨ ਜੀ ।

ਫੈਸਲਾ :
ਵਿਚਾਰਣ ਉਪਰੰਤ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ।
ਸਹੀ/-ਜਗਦੀਸ਼ ਰਾਜ ਰਾਜਾ, ਮੇਅਰ
26.9.2019

ਮਤਾ ਨੰਬਰ:-162

ਵਿਸ਼ਾ:- ਫੈਬਰੀਕੇਸ਼ਨ ਆਫ ਵਾਟਰ ਟੈਂਕ ਕਪੈਸਟੀ 12000 ਲੀਟਰ ਫਾਰ ਵਹੀਕਲ ਨੰਬਰ PB 08 P 9709 ਆਫ ਫਾਇਰ ਬ੍ਰਿਗੇਡ। (ਈ-ਟੈਂਡਰ ਪ੍ਰਵਾਨਗੀ ਹਿੱਤ)

ਤਖਮੀਨਾ ਰੁਪਏ: 4,47,000/- ਕੁੱਲ ਪ੍ਰਾਪਤ ਵੈਲਿਡ ਟੈਂਡਰ = 4 (ਪਹਿਲੀ ਬਾਰੀ)
ਟੈਂਡਰ ਅਮਾਉਂਟ ਰੁਪਏ: 3,99,305/- ਸੇਵਿੰਗ 10.67%
ਅਜੰਸੀ ਦਾ ਨਾਮ:- ਮੈਸਰਜ਼ ਸਿੱਧੀ ਵਿਨਾਇਕ ਇੰਜੀਨੀਅਰਜ਼, ਸਰਹੰਦ ਮੰਡੀ
ਪੈਨ ਨੰ: ATAPS 7105 H GST No. 03ATAPS 7105H1ZY

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਕਿ ਫੈਬਰੀਕੇਸ਼ਨ ਆਫ ਵਾਟਰ ਟੈਕ ਕਪੈਸਟੀ 12000 ਲੀਟਰ ਫਾਰ ਵਹੀਕਲ ਨੰਬਰ PB 08 P 9709 ਆਫ ਫਾਇਰ ਬ੍ਰਿਗੇਡ ਕਰਵਾਉਣ ਲਈ ਤਖਮੀਨਾ ਰੁਪਏ 4,47,000/- ਲਈ ਇਨਐਂਟੀਸਿਪੇਸ਼ਨ ਅਪਰੂਵਲ ਆਫ ਹਾਉਸ ਨਗਰ ਨਿਗਮ ਦੇ ਮਾਨਯੋਗ ਮੇਅਰ ਜੀ ਨੇ ਅਪਣੇ ਹੁਕਮਾਂ ਅਨੁਸਾਰ ਮਿਤੀ 02.08.19 ਰਾਹੀਂ ਦਿੱਤੀ ਹੈ। ਇਸ ਕੰਮ ਦੇ ਈ-ਟੈਂਡਰ ਪਹਿਲੀ ਮਿਤੀ 13.08.19 ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਅਖਬਾਰਾਂ ਲਈ ਪੈਨ ਨੰ: ਅਤੇ ਜੀ.ਐਸ.ਟੀ ਨੰ: ਰਜਿਸਟਰਡ ਠੇਕੇਦਾਰਾਂ ਤੋ ਮੰਗੇ ਗਏ ਸਨ, ਕੁੱਲ 4 ਠੇਕੇਦਾਰਾਂ ਦੇ ਟੈਂਡਰ ਪ੍ਰਾਪਤ ਹੋਏ। ਇਸ ਠੇਕੇਦਾਰ ਦੀ ਤਕਨੀਕੀ ਬਿਡ ਪਖੋ ਮਿਆਰ ਤੇ ਪੂਰੀ ਸੀ। ਇਸ ਠੇਕੇਦਾਰ ਦੀ ਵਿੱਤੀ ਬਿਡ ਖੋਲਣ ਉਪਰੰਤ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ ਅਤੇ ਮੈਸਰਜ਼ ਸਿੱਧੀ ਵਿਨਾਇਕ ਇੰਜੀਨੀਅਰਜ਼, ਸਰਹੰਦ ਮੰਡੀ, ਠੇਕੇਦਾਰ ਦਾ ਰੇਟ ਘੱਟ ਪਾਇਆ ਗਿਆ। ਮੈਸਰਜ਼ ਸਿੱਧੀ ਵਿਨਾਇਕ ਇੰਜੀਨੀਅਰਜ਼, ਸਰਹੰਦ ਮੰਡੀ ਨੇ 10.67% ਸੇਵਿੰਗ ਦਿੱਤੀ ਹੈ, ਜਿਸ ਅਨੁਸਾਰ ਤਖਮੀਨਾ ਰੁਪਏ 4,47,000/- ਦਾ ਕੰਮ ਰੁਪਏ 3,99,305/- ਵਿੱਚ ਹੋਣਾ ਹੈ। ਇਹ ਟੈਂਡਰ ਰੇਟ ਘੱਟ ਅਤੇ ਵਾਜਿਬ ਹਨ। ਤਿਉਹਾਰ ਦਾ ਸੀਜ਼ਨ ਸ਼ੁਰੂ ਹੋਣ ਜਾ ਰਿਹਾ ਹੈ, ਇਸ ਲਈ ਇਹ ਕੰਮ ਕਰਵਾਉਣਾ ਅਤਿ ਜਰੂਰੀ ਹੈ। ਉਪਰੋਕਤ ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਪ੍ਰਵਾਨਗੀ ਹਿੱਤ ਪੇਸ਼ ਹੈ । ਨਿਗਰਾਨ ਇੰਜੀਨਿਅਰ (ਓ.ਐਂਡ ਐਮ.) ਨੇ ਮਿਤੀ 20.9.2019 ਰਾਹੀਂ ਟੈਂਡਰ ਨੂੰ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਪ੍ਰਵਾਨਗੀ ਲਈ ਸਿਫਾਰਸ਼ ਕੀਤੀ ਹੈ।।

ਮਾਨਯੋਗ ਮੇਅਰ ਜੀ ਦੇ ਆਦੇਸ ਮਿਤੀ 23.9.2019 ਰਾਹੀਂ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹਨ ਜੀ ।

ਫੈਸਲਾ :
ਪ੍ਰਵਾਨ ਹੈ।
ਸਹੀ/-ਜਗਦੀਸ਼ ਰਾਜ ਰਾਜਾ, ਮੇਅਰ
26.9.2019

ਇਸ ਉਪਰੰਤ ਕਮੇਟੀ ਦੀ ਸਹਿਮਤੀ ਅਤੇ ਮਾਨਯੋਗ ਮੇਅਰ ਜੀ ਦੀ ਆਗਿਆ ਨਾਲ ਮੱਦ ਨੰ: 163 ਤੋਂ 168 ਤੱਕ ਅਜੰਡੇ ਦੇ ਬਾਹਰੋਂ ਲਈਆਂ ਗਈਆਂ ।

ਸਹੀ/-ਜਗਦੀਸ਼ ਰਾਜ ਰਾਜਾ, ਮੇਅਰ
26.9.2019

ਮਤਾ ਨੰਬਰ:–163

ਵਿਸ਼ਾ:– ਬੀ ਐਂਡ ਆਰ ਸ਼ਾਖਾ ਦੇ ਵਿਕਾਸ ਦੇ ਕੰਮਾਂ ਦੇ ਟੈਂਡਰ ਪ੍ਰਵਾਨ ਕਰਨ ਸਬੰਧੀ।

ਪੜਿਆ ਨੋਟ ਟੈਂਡਰ ਸੈਲ (ਬੀ ਐਂਡ ਆਰ) ਸ਼ਾਖਾ ਜਿਸ ਨਾਲ ਕਾਰਜਕਾਰੀ ਇੰਜੀਨਿਅਰ (ਬੀ ਐਂਡ ਆਰ) ਨੇ ਸਿਫਾਰਸ਼ ਕੀਤੀ ਹੈ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਸ਼ਹਿਰ ਦੇ ਵੱਖ–ਵੱਖ ਇਲਾਕਿਆਂ ਦੇ ਤਖਮੀਨੇ ਬੀ. ਐਂਡ ਆਰ. ਸ਼ਾਖਾ ਵੱਲੋਂ ਤਿਆਰ ਕੀਤੇ ਗਏ ਸਨ, ਜਿਹਨਾਂ ਦੇ ਟੈਂਡਰ ਪ੍ਰਾਪਤ ਕੀਤੇ ਜਾ ਚੁੱਕੇ ਹਨ। ਜਿਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:–

ਰੁਪਏ ਲੱਖਾਂ ਵਿੱਚ

Sr. No	W. No	Name of Work	Est. Amt.	BOQ Amt	Saving %age	Tender Amt.	Name of Agency	Tender called (No. of times)	No. of Tender Received	House Resolution
1.	21	S/I of bench & Gazebo concreted at Jawahar Nagar.(MPLAD Fund)	2.00	2.00	3.00%	1.94	The Blue Moon Co.op. L/c Society.	3	1	Anticipation dt. 12.11.2018
2.	71	P/L SDBC Nagra road.	17.86	17.40	1.11%	17.21	Rajiv Kumar Aggarwal	5	1	97(100) dt. 25.6.2018
3.	73	Const. of road BMPC on adjoining streets of kapurthala road side of masjid road towards skew bridge.	19.82	17.88	1.08%	17.69	Satish Aggarwal & Co.	5	1	99(79)dt. 25.6.2018
4.	78	Const. of road BM & Pc from Durga Mata Mandir to Nakha wala Bagh de pully tak along Ganda Nalaa.	41.02	39.71	1.08%	39.28	Satish Aggarwal & Co.	4	1	99(98) dt. 25.6.2018

ਉਪਰੋਕਤ ਕੰਮਾਂ ਦੇ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਹਿੱਤ ਪੇਸ਼ ਹਨ। ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਸ਼ਾਖਾ ਨੇ ਵੱਖ ਵੱਖ ਮਿਤੀਆਂ ਰਾਹੀਂ ਇਨ੍ਹਾਂ ਟੈਂਡਰਾਂ ਸਬੰਧੀ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਪ੍ਰਵਾਨਗੀ ਲਈ ਸਿਫਾਰਸ਼ ਕੀਤੀ ਹੈ। ਮਾਨਯੋਗ ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸਾਂ ਰਾਹੀਂ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ ।

ਫੈਸਲਾ :
ਪ੍ਰਵਾਨ ਹੈ।
ਸਹੀ/–ਜਗਦੀਸ਼ ਰਾਜ ਰਾਜਾ, ਮੇਅਰ
26.9.2019

ਮਤਾ ਨੰਬਰ:-164

ਵਿਸ਼ਾ :- ਪ੍ਰੋਵਾਈਡਿੰਗ ਐਂਡ ਫਿਕਸਿੰਗ ਇੰਟਰਲੋਕਿੰਗ ਟਾਈਲਜ਼ ਇਨ ਵਿਲੇਜ਼ ਪਰਾਗਪੁਰ ਕੈਂਟ ਰੋਡ ਵਾਰਡ ਨੰ: 11 (ਤਖਮੀਨਾ ਸੋਧਣ ਬਾਰੇ)

ਪੜ੍ਹਿਆ ਦਫਤਰੀ ਨੋਟ ਬੀ.ਐਂਡ ਆਰ. ਸ਼ਾਖਾ ਜਿਸ ਦੀ ਸ਼ਿਫਾਰਸ਼ ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਨੇ ਮਿਤੀ 20.9.2019 ਰਾਹੀਂ ਕੀਤੀ ਹੈ ਕਿ ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਰੁ: 10.62 ਲੱਖ ਬੀ.ਐਂਡ.ਆਰ. ਸ਼ਾਖਾ ਵੱਲੋ ਤਿਆਰ ਕੀਤਾ ਗਿਆ ਸੀ ਅਤੇ ਮਾਨਯੋਗ ਹਾਊਸ ਦੇ ਮਤਾ ਨੰ: 100 (20) ਮਿਤੀ : 25.06.2018 ਰਾਹੀ ਤਖਮੀਨੇ ਨੂੰ ਪ੍ਰਵਾਨ ਕੀਤਾ ਗਿਆ। ਟੈਂਡਰ ਕਾਲ ਕਰਨ ਉਪਰੰਤ ਇਹ ਕੰਮ ਦੀ ਦਾਨਸ਼ਮੰਦਾ ਕੋ-ਅਪ੍ਰੇਟਿਵ ਐਲ.ਸੀ. ਸੁਸਾਇਟੀ ਨੂੰ ਵਰਕ ਆਰਡਰ ਨੰ: **G33/CE (B&R)/31** ਮਿਤੀ : 28.01.2019 ਨੂੰ ਅਲਾਟ ਕੀਤਾ ਗਿਆ ਅਤੇ ਇਸ ਨੂੰ ਮੁਕੰਮਲ ਕਰਨ ਲਈ 3 ਮਹੀਨਿਆਂ ਦਾ ਸਮਾਂ ਦਿੱਤਾ ਗਿਆ ਸੀ। ਮਾਨਯੋਗ ਮੇਅਰ ਜੀ ਦੇ ਜੁਬਾਨੀ ਹੁਕਮਾਂ ਮੁਤਾਬਕ ਇਸ ਕੰਮ ਦੇ ਤਖਮੀਨੇ ਨੂੰ 25% ਸੋਧਣ ਦੇ ਲਈ ਹੁਕਮ ਦਿੱਤੇ ਗਏ ਹਨ। ਇਲਾਕਾ ਕੌਂਸਲਰ ਵੱਲੋ ਸੋਧੇ ਤਖਮੀਨੇ ਵਿੱਚ ਲਈਆ ਜਾਣ ਵਾਲੀਆਂ ਸੜ੍ਹਕਾ ਦੇ ਮੌਕੇ ਦੇਖਣ ਉਪਰੰਤ ਇਹਨਾਂ ਸੜ੍ਹਕਾ ਨੂੰ ਬਣਾਉਣ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਬੀ.ਐਂਡ.ਆਰ. ਸ਼ਾਖਾ ਵੱਲੋ ਰੁ: 13.39 ਲੱਖ ਦਾ ਸੋਧਿਆ ਤਖਮੀਨਾ ਤਿਆਰ ਕੀਤਾ ਗਿਆ ਹੈ। ਵਿਸ਼ੇ ਅੰਕਿਤ ਕੰਮ ਦਾ ਸੋਧਿਆ 25% ਤਖਮੀਨਾ ਵਿੱਚ ਅਤੇ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਹਿੱਤ ਭੇਜਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ। ਜਿਸ ਨਾਲ ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਮਿਤੀ 23.9.2019 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 26.9.2019 ਰਾਹੀਂ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਣ ਅਤੇ ਪ੍ਰਵਾਨਗੀ ਹਿਤ ਪੇਸ਼ ਹੈ ।

ਫੈਸਲਾ :
ਪ੍ਰਵਾਨ ਹੈ।
ਸਹੀ/-ਜਗਦੀਸ਼ ਰਾਜ ਰਾਜਾ, ਮੇਅਰ
26.9.2019

ਮਤਾ ਨੰਬਰ:-165

ਵਿਸ਼ਾ:- ਕੰਨਸਟਰਕਸ਼ਨ ਆਫ ਆਰ.ਸੀ.ਸੀ ਰੋਡ ਐਟ ਟਰਾਂਸਪੋਰਟ ਨਗਰ, 87.51 ਲੱਖ (ਸਾਈਟ ਬਦਲਣ, ਤਖ਼ਮੀਨਾ ਸੋਧਣ ਅਤੇ ਕੰਮ ਦੀ ਮਿਆਦ ਵਧਾਉਣ ਬਾਰੇ)

ਪੜ੍ਹਿਆ ਦਫਤਰੀ ਨੋਟ ਬੀ.ਐਂਡ ਆਰ. ਸ਼ਾਖਾ ਜਿਸ ਦੀ ਸ਼ਿਫਾਰਸ਼ ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਨੇ ਮਿਤੀ 23.9.2019 ਰਾਹੀਂ ਕੀਤੀ ਹੈ ਕਿ ਟਰਾਂਸਪੋਰਟ ਨਗਰ ਦੀਆਂ ਸੜਕਾਂ ਆਰ.ਸੀ.ਸੀ ਦੀਆਂ ਬਣਾਉਣ ਲਈ 87.51 ਲੱਖ ਦਾ ਤਖਮੀਨਾ ਨਗਰ ਨਿਗਮ ਦੇ ਹਾਊਸ ਵਲੋਂ ਮਤਾ ਨੰ. 156 (04) ਮਿਤੀ 18.10.2018 ਰਾਹੀਂ ਪ੍ਰਵਾਨ ਕੀਤਾ ਗਿਆ ਸੀ।ਸਰਕਾਰ ਵਲੋਂ ਆਪਣੇ ਪੱਤਰ ਨੰ. ਸ5-ਡਸਸ-ਮਸਸ-19/2567 ਮਿਤੀ 11.01.2019 ਰਾਹੀਂ ਲਿਖਿਆ ਗਿਆ ਸੀ ਕਿ ਇੰਜੀਨਿੰਅਰਿੰਗ ਹੈਡ ਟ੍ਰੈਫਿਕ ਇਨਟੈਂਸਟੀ ਨੂੰ ਧਿਆਨ ਵਿੱਚ ਰੱਖਦੇ ਹੋਏ ਪੇਵਮੈਂਟ ਡਿਜ਼ਾਇਨ ਕਰਵਾਉਂਦੇ ਹੋਏ ਤਖਮੀਨੇ ਵਿੱਚ ਲਈ ਗਈ ਸਪੈਸੀਫਿਕੇਸ਼ਨ ਨੂੰ ਜਸਟੀਫਾਈ ਕਰਦੇ ਹੋਏ ਤਸਦੀਕ ਕਰਣਗੇ।ਇਸ ਲਈ ਇਸ ਕੰਮ ਦਾ ਡਿਜ਼ਾਇਨ ਕਰਨ ਲਈ ਡਾ.ਬੀ.ਆਰ.ਅੰਬੇਦਕਰ ਨੈਸ਼ਨਲ ਇੰਸਟੀਚਿਊਟ ਆਫ ਟੈਕਨੋਲੋਜੀ ਜਲੰਧਰ ਨੂੰ ਲਿਖਿਆ ਗਿਆ ਸੀ।ਡਾ.ਬੀ.ਆਰ.ਅੰਬੇਦਕਰ ਨੈਸ਼ਨਲ ਇੰਸਟੀਚਿਊਟ ਆਫ ਟੈਕਨਾਲੋਜੀ ਜਲੰਧਰ ਵਲੋਂ ਆਪਣੇ ਪੱਤਰ ਨੰ. NITJ/CED/CONST./19/2738/12687 ਮਿਤੀ 18.09.2019 ਰਾਹੀਂ ਇਸ ਸੜਕ ਦਾ ਡਿਜ਼ਾਇਨ ਭੇਜਿਆ ਗਿਆ ਹੈ ਜਿਸ ਮੁਤਾਬਕ ਇਸ ਕੰਮ ਦੀ ਕੰਕਰੀਟ ਪੇਵਮੈਂਟ ਦੀ ਥਿਕਨੈਸ ਕਾਫੀ ਵਧਾਈ ਗਈ ਹੈ ਅਤੇ ਕੰਮ ਦੀ ਸਪੈਸੀਫਿਕੇਸ਼ਨ ਵੀ ਬਦਲ ਦਿੱਤੀ ਗਈ ਹੈ ਜਿਸ ਅਨੁਸਾਰ ਇਸ ਕੰਮ ਦਾ ਰਿਵਾਈਜਡ ਤਖਮੀਨਾ ਤਿਆਰ ਕੀਤਾ ਗਿਆ ਹੈ ਜਿਸ ਕਰਕੇ ਕੰਮ ਦੀ ਰਕਮ ਵਿੱਚ 25% ਵਾਧਾ ਕੀਤਾ ਜਾਣਾ ਜਰੂਰੀ ਹੈ।ਇਸ ਤੋਂ ਇਲਾਵਾ ਮਾਨਯੋਗ ਹਲਕਾ ਐਮ.ਐਲ.ਏ ਸ਼੍ਰੀ ਅਵਤਾਰ ਸਿੰਘ ਜੂਨੀਅਰ ਹੈਨਰੀ ਜੀ ਵਲੋਂ ਆਪਣੇ ਪੱਤਰ ਰਾਹੀਂ ਇਸ ਕੰਮ ਦੇ ਤਖਮੀਨੇ ਵਿੱਚ ਪਹਿਲਾਂ ਲਏ ਗਏ ਸਾਈਟ ਪਲਾਨ ਜ਼ੋ ਕਿ ਨਜਦੀਕ ਪੁਲਿਸ ਡਵੀਜਨ ਨੰ. 8 ਨੂੰ ਬਦਲ ਕੇ ਟਰਾਂਸਪੋਰਟ ਨਗਰ-ਫੋਕਲ ਪੁਆਇੰਟ ਨੂੰ ਜੋੜਨ ਵਾਲੇ ਰੋਡ ਦੇ ਸਾਈਟ ਪਲਾਨ ਅਨੁਸਾਰ ਕੰਮ ਕਰਨ ਲਈ ਕਿਹਾ ਗਿਆ ਹੈ। ਨਕਸ਼ੇ ਵਿੱਚ ਪਹਿਲਾਂ ਤਜਵੀਜ਼ ਕੀਤਾ ਸਾਈਟ ਪਲਾਨ ਅਤੇ ਹੁਣ ਨਵੇਂ ਸਾਈਟ ਪਲਾਨ ਅਨੁਸਾਰ ਨਵੀਂ ਬਣਾਈ ਜਾਣ ਵਾਲੀ ਸੜਕ ਦਾ ਪਲਾਨ ਦਰਸਾਇਆ ਗਿਆ ਹੈ। ਮਾਨਯੋਗ ਹਲਕਾ ਐਮ.ਐਲ.ਏ ਸ਼੍ਰੀ ਅਵਤਾਰ ਸਿੰਘ ਜੂਨੀਅਰ ਹੈਨਰੀ ਜੀ ਵਲੋਂ ਪੱਤਰ ਦਿੱਤਾ ਗਿਆ ਹੈ ਜਿਹੜਾ ਕਿ ਸਿਮਲ ਵਿੱਚ ਨੱਥੀ ਕੀਤਾ ਗਿਆ ਹੈ । ਉਪਰੋਕਤ ਰਿਪੋਰਟ ਮੁਤਾਬਕ ਇਸ ਕੰਮ ਦਾ ਅਸਲ ਤਖਮੀਨਾ ਰਕਮ ਰੁ: 87.51 ਲੱਖ ਨੂੰ 25% ਵੱਧਾਉਣ, ਕੰਮ ਦੀ ਸਾਈਟ ਬਦਲਣ, ਰਿਵਾਈਜਡ ਤਖਮੀਨਾ ਪ੍ਰਵਾਨ ਕਰਨ ਅਤੇ ਕੰਮ ਕਰਨ ਲਈ 6 ਮਹੀਨੇ ਦਾ ਸਮਾਂ ਪ੍ਰਵਾਨ ਕਰਨ ਲਈ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿੱਚੋਂ ਪਾਸ ਕਰਵਾਉਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ।ਇਹ ਕੰਮ ਪਹਿਲਾਂ ਹੀ ਅਲਾਟ ਕੀਤੇ ਠੇਕੇਦਾਰ ਸ਼੍ਰੀ ਰਾਜੇਸ਼ ਬਾਂਸਲ ਤੋਂ ਕਰਵਾਇਆ ਜਾਣਾ ਹੈ।ਜਿਸ ਨਾਲ ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਮਿਤੀ 23.9.2019 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 24.9.2019 ਰਾਹੀਂ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਣ ਅਤੇ ਪ੍ਰਵਾਨਗੀ ਹਿਤ ਪੇਸ਼ ਹੈ ।

ਫੈਸਲਾ :
ਪ੍ਰਵਾਨ ਹੈ।
ਸਹੀ/-ਜਗਦੀਸ਼ ਰਾਜ ਰਾਜਾ, ਮੇਅਰ
26.9.2019

ਮਤਾ ਨੰਬਰ:-166

ਵਿਸ਼ਾ :- P/L of R.M.C. M30 on the road of BSNL Exchange adjoining of D.C. office ਕੰਮ ਦੀ ਸਾਈਡ ਬਦਲੀ ਕਰਨ ਸਬੰਧੀ। (ਸਾਈਟ ਚੇਂਜ ਅਤੇ ਤਖਮੀਨਾ ਸੋਧਣ ਬਾਰੇ)

ਪੜ੍ਹਿਆ ਦਫਤਰੀ ਨੋਟ ਬੀ.ਐਂਡ ਆਰ. ਸ਼ਾਖਾ ਜਿਸ ਦੀ ਸ਼ਿਫਾਰਸ਼ ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਨੇ ਮਿਤੀ 29.9.2019 ਰਾਹੀਂ ਕੀਤੀ ਹੈ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਇਸ ਕੰਮ ਦਾ ਤਖਮੀਨਾ ਡੀ.ਸੀ. ਕੰਪਲੈਕਸ ਦੇ ਆਲੇ ਦੁਆਲੇ ਪੈਂਦੀਆਂ ਸੜ੍ਹਕਾ ਦਾ ਤਿਆਰ ਕੀਤਾ ਗਿਆ ਸੀ। ਮਾਨਯੋਗ ਡੀ.ਸੀ. ਸਾਹਿਬ ਜੀ ਦੇ ਹੁਕਮਾਂ ਅਨੁਸਾਰ ਇਨ੍ਹਾਂ ਸੜ੍ਹਕਾ ਦੇ ਉੱਪਰ BM/PC ਦਾ ਕੰਮ ਕਿਸੇ ਹੋਰ ਕੰਮ ਵਿੱਚੋ ਕਰਵਾ ਦਿੱਤਾ ਗਿਆ ਸੀ। ਜਿਹੜਾ ਤਖਮੀਨਾ R.CC. ਦਾ ਤਿਆਰ ਕੀਤਾ ਗਿਆ ਹੈ, ਮਾਨਯੋਗ ਇਲਾਕਾ ਵਿਧਾਇਕ ਸ਼੍ਰੀ ਰਾਜਿੰਦਰ ਬੇਰੀ ਜੀ ਵੱਲੋ ਆਪਣੇ D.O. ਪੱਤਰ ਵਿੱਚ ਮੰਗ ਕੀਤੀ ਹੈ ਕਿ RCC ਦੇ ਕੰਮ ਦੀ ਜਗ੍ਹਾ M 30 ਇਸੇ ਏਰੀਏ ਵਿੱਚ ਕੁੱਝ ਗਲੀਆਂ ਮਾਸਟਰ ਤਾਰਾ ਸਿੰਘ ਨਗਰ ਜੋ ਕਿ ਖਰਾਬ ਹਾਲਤ ਵਿੱਚ ਹਨ, ਉਨ੍ਹਾਂ ਗਲੀਆਂ ਵਿੱਚ ਇਸ ਤਖਮੀਨੇ ਵਿੱਚੋ RMC ਦਾ ਕੰਮ ਕਰਵਾਇਆ ਜਾਵੇ ਅਤੇ ਮਾਨਯੋਗ ਐਮ.ਐਲ.ਏ. ਸਾਹਿਬ ਵੱਲੋ ਕੀਤੇ ਹੁਕਮਾਂ ਅਨੁਸਾਰ ਇਸ ਕੰਮ ਦੀ ਸਾਈਟ ਅਤੇ RCC ਤੋ RMC. M 30 ਨੂੰ ਬਦਲ ਕੇ ਤਖਮੀਨਾ ਤਿਆਰ ਕਰ ਦਿੱਤਾ ਗਿਆ ਹੈ। ਆਰ.ਸੀ.ਸੀ. ਦੇ ਕੰਮ ਨੂੰ ਬਦਲ ਕੇ ਆਰ.ਐਮ.ਸੀ. ਦੇ ਕੰਮ ਵਿੱਚ ਸਾਇਟ Change ਕਰਵਾਉਣ ਲਈ ਮਨਜੂਰੀ ਹਿੱਤ ਪੇਸ਼ ਹੈ। ਜਿਸ ਨਾਲ ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਮਿਤੀ 25.9.2019 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 26.9.2019 ਰਾਹੀਂ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਣ ਅਤੇ ਪ੍ਰਵਾਨਗੀ ਹਿਤ ਪੇਸ਼ ਹੈ ।

ਫੈਸਲਾ :
ਪ੍ਰਵਾਨ ਹੈ।
ਸਹੀ/-ਜਗਦੀਸ਼ ਰਾਜ ਰਾਜਾ, ਮੇਅਰ
26.9.2019

ਮਤਾ ਨੰਬਰ:-167

ਵਿਸ਼ਾ:- ਨਗਰ ਨਿਗਮ ਵਿੱਚ ਆਪਣੇ ਪੱਧਰ ਤੇ ਚਲਾਏ ਜਾ ਰਹੇ ਟਿਊਬਵੈਲਾਂ ਅਤੇ ਡਿਸਪੋਜਲਾਂ ਦੇ ਰੱਖ-ਰਖਾਵ ਵਾਸਤੇ ਵੱਖ-ਵੱਖ ਤਰ੍ਹਾਂ ਦਾ ਬਿਜਲੀ ਦਾ ਸਮਾਨ ਖਰੀਦਨ ਬਾਰੇ ਸਲਾਨਾ ਤਖਮੀਨਾ।

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਤਖਮੀਨਾ ਰੁਪਏ 20,00,000/- ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਵਲੋਂ ਆਪਣੇ ਮਤਾ ਨੰਬਰ 68(6) ਮਿਤੀ 06.09.2017 ਰਾਹੀਂ ਪ੍ਰਵਾਨ ਕੀਤਾ ਗਿਆ ਸੀ। ਇਸ ਕੰਮ ਲਈ ਟੈਂਡਰ ਮੰਗਣ ਉਪਰੰਤ ਘੱਟ ਰੇਟ ਵਾਲੀ ਫਰਮ ਮੈਸ: ਗੁਪਤਾ ਇਲੈਕਟ੍ਰਿਕ ਸਟੋਰ ਜਲੰਧਰ ਦਾ ਟੈਂਡਰ ਪ੍ਰਵਾਨਗੀ ਲਈ ਵਿੱਤ ਅਤੇ ਠੇਕਾ ਕਮੇਟੀ ਵਿੱਚ ਰਖਿਆ ਗਿਆ ਸੀ, ਜਿਸ ਉਪਰੰਤ ਵਿੱਤ ਅਤੇ ਠੇਕਾ ਕਮੇਟੀ ਵਲੋਂ ਆਪਣੇ ਮਤਾ ਨੰਬਰ 136 ਮਿਤੀ 27.08.2018 ਰਾਹੀਂ ਇਹ ਟੈਂਡਰ ਪ੍ਰਵਾਨ ਕੀਤਾ ਸੀ ਅਤੇ ਇਹ ਵੀ ਫੈਸਲਾ ਕੀਤਾ ਸੀ ਕਿ ਹਾਲ ਦੀ ਘੜੀ ਇਹ ਖਰੀਦ 50% ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ। ਵਿੱਤ ਅਤੇ ਠੇਕਾ ਕਮੇਟੀ ਦੇ ਉਪਰੋਕਤ ਮਤੇ ਅਨੁਸਾਰ ਅਜੰਸੀ ਨੂੰ 50% ਸਮਾਨ ਸਪਲਾਈ ਕਰਨ ਬਾਰੇ ਵਰਕ ਆਰਡਰ ਨੰਬਰ ਸੀ.ਈ/ਈ.ਟੀ/11 ਮਿਤੀ 16.10.2018 ਜਾਰੀ ਕੀਤਾ ਗਿਆ ਸੀ ਅਤੇ ਅਜੰਸੀ ਨੇ ਮਿਤੀ 25.10.2018 ਨੂੰ ਇਹ 50% ਸਮਾਨ ਸਪਲਾਈ ਕਰ ਦਿੱਤਾ ਸੀ।

ਇਸ ਉਪਰੰਤ ਟਿਊਬਵੈਲਾਂ ਅਤੇ ਡਿਸਪੋਜਲਾਂ ਦੀ ਮੇਨਟੀਨੈਂਸ ਵਾਸਤੇ ਬਾਕੀ ਰਹਿੰਦੇ 50% ਸਮਾਨ ਦੀ ਖਰੀਦ ਕਰਨ ਦੀ ਪ੍ਰਵਾਨਗੀ ਲਈ ਟੈਂਡਰ ਮੁੜ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਰਖਿਆ ਗਿਆ। ਵਿੱਤ ਅਤੇ ਠੇਕਾ ਕਮੇਟੀ ਵਲੋਂ ਆਪਣੇ ਮਤਾ ਨੰਬਰ 82 ਮਿਤੀ 06.06.2019 ਰਾਹੀਂ ਵਿਚਾਰਨ ਉਪਰੰਤ ਇਹ ਮੱਦ ਲੰਬਿਤ ਰਖੀ ਗਏ ਅਤੇ ਫੈਸਲਾ ਲਿਆ ਗਿਆ ਕਿ ਪਹਿਲਾਂ ਪਿਛਲੇ ਕੰਮ ਦੀ ਡਿਟੇਲ ਕਮੇਟੀ ਨੂੰ ਪੇਸ਼ ਕੀਤੀ ਜਾਵੇ। ਇਸ ਦੇ ਸਬੰਧ ਵਿੱਚ ਨਿਗਰਾਨ ਇੰਜੀਨੀਅਰ, ਓ.ਐਂਡ.ਐਮ ਵਲੋਂ ਕਮੇਟੀ ਮੈਂਬਰ ਸ਼੍ਰੀ ਗੁਰਵਿੰਦਰ ਪਾਲ ਸਿੰਘ ਬੰਟੀ ਨੀਲਕੰਠ, ਮੈਂਬਰ ਜੀ ਨੂੰ ਪਿਛਲੇ ਕੰਮ ਦੀ ਡਿਟੇਲ ਅਤੇ ਓ.ਐਂਡ.ਐਮ ਸਟੋਰ ਚੈਕ ਕਰਵਾ ਦਿੱਤਾ ਗਿਆ ਹੈ। ਇਸ ਲਈ ਇਹ ਮੱਦ ਮੁੜ੍ਹ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਹਿੱਤ ਪੇਸ਼ ਹੈ । ਜਿਸ ਨਾਲ ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਸਹਿਮਤੀ ਹਸਤਾਖਰ ਕੀਤੇ ਹਨ। ਤਜ਼ਵੀਜ਼ ਮੁੜ੍ਹ ਵਿੱਤ ਅਤੇ ਠੇਕਾ ਕਮੇਟੀ ਵਿੱਚ ਪ੍ਰਵਾਨਗੀ ਹਿੱਤ ਪੇਸ਼ ਹੈ ਜੀ ।

ਫੈਸਲਾ :
ਪ੍ਰਵਾਨ ਹੈ।
ਸਹੀ/-ਜਗਦੀਸ਼ ਰਾਜ ਰਾਜਾ, ਮੇਅਰ
26.9.2019

ਮਤਾ ਨੰਬਰ:-168

ਵਿਸ਼ਾ :- ਸ਼ਹਿਰ ਦੇ ਵੱਖ ਵੱਖ ਵਾਰਡਾਂ ਵਿੱਚ ਕੂੜਾ ਚੁਕਣ ਵਾਲੀਆਂ ਟਰੈਕਟਰ ਟਰਾਲੀਆਂ ਸਮੇਤ ਡਰਾਇਵਰ , ਡੀਜਲ ਅਤੇ ਦੋ ਲੇਬਰ ਕਿਰਾਏ ਦੇ ਕੰਮ ਵਿੱਚ ਵਾਧੇ ਸਬੰਧੀ।(ਤਖਮੀਨੇ ਵਿਚ 25% ਦੇ ਵਾਧੇ ਬਾਰੇ)

ਤਖਮੀਨਾ ਰੁਪਏ 95,98,050/- (ਸਮਾਂ 5 ਮਹੀਨੇ)

ਪੜ੍ਹਿਆ ਦਫਤਰੀ ਨੋਟ ਸਿਹਤ ਸ਼ਾਖਾ ਜਿਸ ਦੀ ਸ਼ਿਫਾਰਸ਼ ਸਿਹਤ ਅਫਸਰ ਨੇ ਮਿਤੀ 6.8.2019 ਰਾਹੀਂ ਕੀਤੀ ਹੈ ਕਿ ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਹੈਲਥ ਸ਼ਾਖਾ ਵੱਲੋਂ ਰੁ. 95,98,050/- ਪੰਜ ਮਹੀਨਿਆਂ ਵਾਸਤੇ ਤਿਆਰ ਕੀਤਾ ਗਿਆ ਸੀ। ਮਾਨਯੋਗ ਮੇਅਰ ਸਾਹਿਬ ਜੀ ਵੱਲੋਂ ਮਿਤੀ. 04-01-2019 ਰਾਹੀਂ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਨਜੂਰੀ ਦਿੱਤੀ ਗਈ ਸੀ। ਇਸ ਕੰਮ ਦਾ ਟੈਂਡਰ ਮਿਤੀ 08-02-19 ਈ.ਟੈਂਡਰਿੰਗ ਰਾਹੀਂ ਮੰਗੇ ਗਏ। ਸਭ ਤੋਂ ਘੱਟ ਰੇਟ ਸ਼੍ਰੀ ਗੋਰਵ ਗੁਪਤਾ ਠੇਕੇਦਾਰ ਦਾ ਪ੍ਰਾਪਤ ਹੋਇਆ ਹੈ। ਜਿਸ ਨੂੰ ਵਿੱਤ ਅਤੇ ਠੇਕਾ ਕਮੇਟੀ ਨੇ ਆਪਣੇ ਮਤਾ ਨੰ. 66 ਮਿਤੀ. 01-03-19 ਰਾਹੀਂ ਪ੍ਰਵਾਨ ਕੀਤਾ ਗਿਆ ਸੀ।ਜਿਸ ਉਪਰੰਤ ਠੇਕੇਦਾਰ ਨੂੰ ਇਸ ਦਫਤਰ ਦੇ ਵਰਕ ਆਰਡਰ ਨੰ. 4/H/T ਮਿਤੀ. 05-03-19 ਰਾਹੀਂ ਇਕਰਾਰਨਾਮਾ ਕਰਨ ਉਪਰੰਤ ਠੇਕੇਦਾਰ ਨੂੰ ਵਰਕ ਆਰਡਰ ਜਾਰੀ ਕੀਤਾ ਗਿਆ ਅਤੇ 5 ਮਹੀਨੇ ਦਾ ਸਮਾਂ ਦਿੱਤਾ ਗਿਆ ਸੀ।ਜੋ ਕਿ ਖਤਮ ਹੋ ਗਿਆ ਹੈ। ਕੰਮ ਨੂੰ ਸ਼ੁਰੂ ਕਰਨ ਉਪਰੰਤ ਮਾਨਯੋਗ ਕਮਿਸ਼ਨਰ ਜੀ ਵੱਲੋਂ ਇਸ ਕੰਮ ਦਾ 8% ਦਾ ਵਾਧਾ ਕਰਵਾ ਲਿਆ ਗਿਆ ਹੈ।ਹੁਣ ਇਸ ਤਖਮੀਨੇ ਦੀ ਰਕਮ ਖਤਮ ਹੋ ਚੁੱਕੀ ਹੈ। ਇਥੇ ਇਹ ਦੱਸਣਯੋਗ ਹੈ ਕਿ ਪਿਛਲੇ ਲੋਕ ਸਭਾ ਦੀ ਚੋਣਾਂ ਹੋਣ ਕਰਕੇ ਉਪਰੋਕਤ ਕੰਮ ਦਾ ਟੈਂਡਰ ਨਹੀਂ ਲਗਾਇਆ ਜਾ ਸਕਿਆ। ਕੂੜਾ ਚੁਕਣ ਵਾਲੀਆਂ ਟਰੈਕਟਰ ਟਰਾਲੀਆਂ ਸਮੇਤ ਡਰਾਇਵਰ ਡੀਜਲ ਅਤੇ ਦੋ ਲੇਬਰ ਦੀਆਂ ਫਾਇਲਾਂ ਦਾ ਕੰਮ ਟੈਂਡਰ ਲਗਾਉਣ ਸਬੰਧੀ ਪ੍ਰੋਸੈਸ ਵਿੱਚ ਹਨ।ਜਿਸ ਕਾਰਨ ਇਸ ਕੰਮ ਵਿੱਚ 25% ਵਾਧੇ ਦੀ ਜਰੂਰਤ ਹੈ।ਜੇਕਰ ਉਪਰੋਕਤ ਕੰਮ ਵਿੱਚ ਵਾਧਾ ਨਹੀਂ ਕੀਤਾ ਜਾਂਦਾ ਤਾਂ ਸ਼ਹਿਰ ਦੀਆਂ ਵੱਖ-ਵੱਖ ਵਾਰਡਾਂ ਵਿੱਚੋਂ ਕੂੜਾ ਚੁਕਣ ਦਾ ਕੰਮ ਕਾਫੀ ਪ੍ਰਭਾਵਿਤ ਹੋਵੇਗਾ।

ਇਸ ਲਈ ਉਕਤ ਤੱਥਾਂ ਨੂੰ ਮੁੱਖ ਰੱਖਦੇ ਹੋਏ ਉਕਤ ਕੇਸ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਦਿੱਤੀ ਜਾਵੇ। ਸੰਯੁਕਤ ਕਮਿਸ਼ਨਰ (ਏ) ਨੇ ਮਿਤੀ 26.8.2019 ਅਤੇ ਕਮਿਸ਼ਨਰ ਜੀ ਨੇ ਮਿਤੀ 19.8.2019 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 26.8.2019 ਰਾਹੀਂ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਣ ਹਿਤ ਪੇਸ਼ ਹੈ।

ਫੈਸਲਾ :
ਪ੍ਰਵਾਨ ਹੈ।
ਸਹੀ/-ਜਗਦੀਸ਼ ਰਾਜ ਰਾਜਾ, ਮੇਅਰ
26.9.2019

ਮੀਟਿੰਗ ਦੇ ਅੰਤ ਵਿੱਚ ਹੇਠ ਅਨੁਸਾਰ ਹਦਾਇਤਾਂ ਜਾਰੀ ਕੀਤੀਆਂ ਗਈਆਂ:

1. ਸੂਰਿਯਾ ਇਨਕਲੇਵ ਵਿਖੇ ਮੈਨਹੋਲ ਦੀ ਲੀਕੇਜ਼ ਸਬੰਧੀ ਰਿਪੋਰਟ ਸ੍ਰੀ ਸੁਰਜੀਤ ਸਿੰਘ, ਕਾਰਜਕਾਰੀ ਇੰਜੀਨਿਅਰ (ਓ ਐਂਡ ਐਮ) ਅਤੇ ਨਿਗਰਾਨ ਇੰਜੀਨਿਅਰ (ਓ ਐਂਡ ਐਮ) ਵਲੋਂ ਮਿਤੀ 30.9.2019 ਤੱਕ ਮੇਅਰ ਜੀ ਨੂੰ ਪੇਸ਼ ਕੀਤੀ ਜਾਵੇਗੀ ।

2. ਸ਼ਹਿਰ ਦੀਆਂ ਸੜਕਾਂ ਤੇ ਰੋਡ ਗਲੀਆਂ ਦੀ ਸਫਾਈ ਸੁਚੱਝੇ ਢੰਗ ਨਾਲ ਨਾ ਹੋਣ ਕਾਰਣ ਕਮੇਟੀ ਮੈਂਬਰਾਂ ਵਲੋਂ ਰੋਸ਼ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਕਮਿਸ਼ਨਰ ਜੀ ਵਲੋਂ ਸ੍ਰੀ ਹਰਚਰਨ ਸਿੰਘ, ਸੰਯੁਕਤ ਕਮਿਸ਼ਨਰ ਨੂੰ ਹਦਾਇਤ ਕੀਤੀ ਗਈ ਕਿ ਨਿਗਮ ਦਫ਼ਤਰ ਅੰਦਰ ਤੈਨਾਤ ਜਿੰਨੇ ਵੀ ਸੀਵਰਮੈਨ ਹਨ, ਨੂੰ ਵਾਰਡ ਵਾਈਜ਼ ਰੋਡ ਗਲੀਆਂ ਦੀ ਸਫਾਈ ਹਿੱਤ ਦਫ਼ਤਰੀ ਹੁਕਮ ਜਾਰੀ ਕੀਤੇ ਜਾਣ ਅਤੇ ਨਿਗਰਾਨ ਇੰਜੀਨਿਅਰ (ਓ ਐਂਡ ਐਮ) ਵਲੋਂ ਅਜਿਹੇ ਸੀਵਰਮੈਨਾਂ ਤੋਂ ਕੰਮ ਲੈ ਕੇ ਰਿਪੋਰਟ ਕਮੇਟੀ ਨੂੰ ਪੇਸ਼ ਕੀਤੀ ਜਾਵੇ ।

ਸਹੀ/-ਜਗਦੀਸ਼ ਰਾਜ ਰਾਜਾ, ਮੇਅਰ
26.9.2019